# ਕੇਸ ਗੁਰੂ ਦੀ ਮੋਹਰ



ਸਿੱਖ ਮਿਸ਼ਨਰੀ ਕਾਲਜ (ਰਜਿ:), ਲੁਧਿਆਣਾ-8

## ਸ਼੍ਰੀ ਲਿਟਰੇਚਰ ਵੰਡ ਵਿੱਚ ਆਪਣਾ ਹਿੱਸਾ ਪਾਓ

ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਨੇ ਹਰ ਸਿੱਖ ਘਰ ਵਿੱਚ ਸ਼੍ਰੀ ਧਾਰਮਿਕ ਲਿਟਰੇਚਰ ਪਹੁੰਚਾਉਣ ਦਾ ਉਪਰਾਲਾ ਕੀਤਾ ਹੈ।

ਹਰ ਮਹੀਨੇ 50000 ਦੀ ਗਿਣਤੀ ਵਿੱਚ ਗੁਰਬਾਣੀ, ਸਿੱਖ ਇਤਿਹਾਸ ਤੇ ਰਹਿਤ ਮਰਯਾਦਾ ਦੇ ਕਿਸੇ ਪਹਿਲੂ ਤੇ ਲਿਟਰੇਚਰ ਛਾਪ ਕੇ ਵੰਡਿਆ ਜਾ ਰਿਹਾ ਹੈ। ਧਰਮ ਪ੍ਰਚਾਰ ਦੀ ਇਸ ਮਹਾਨ ਸੇਵਾ ਵਿੱਚ ਹਿੱਸਾ ਪਾਉਣ ਲਈ ਹਰ ਪਾਠਕ ਨੂੰ ਬੇਨਤੀ ਕੀਤੀ ਜਾਂਦੀ ਹੈ। ਆਪ ਇਹ ਲਿਟਰੇਚਰ 75 ਰੁਪਏ ਪ੍ਰਤੀ ਸੈਂਕੜਾ ਭੇਜ ਕੇ ਵੀ ਮੰਗਵਾ ਸਕਦੇ ਹੋ ਅਤੇ ਸੰਗਤਾਂ ਵਿੱਚ ਵੰਡ ਸਕਦੇ ਹੋ।

ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਸੰਬੰਧੀ ਖੋਜ ਭਰਪੂਰ ਲੇਖਾਂ ਰਾਹੀਂ ਨਿਰੋਲ ਗੁਰਮਤਿ ਵਿਚਾਰਧਾਰਾ ਨੂੰ ਪ੍ਰਚਾਰਣ ਵਾਲਾ ਮੈਗਜ਼ੀਨ

(ਪੰਜਾਬੀ, ਹਿੰਦੀ ਵਿੱਚ ਵੱਖਰਾ-ਵੱਖਰਾ ਛਪਣ ਵਾਲਾ)

ਸਿੱਖ ਮਿਸ਼ਨਰੀ ਕਾਲਜ ਦਾ ਮਾਸਿਕ ਪੱਤਰ

**ਸਿੱਖ ਫੁਲਵਾੜੀ**
**(SIKH PHULWARI)**

| ਸਾਲਾਨਾ ਚੰਦਾ | ਲਾਈਫ ਮੈਂਬਰਸ਼ਿਪ |
|---|---|
| ਦੇਸ਼ : 40 ਰੁਪਏ | ਦੇਸ਼ : 400 ਰੁਪਏ |
| ਵਿਦੇਸ਼ : 350 ਰੁ: | ਵਿਦੇਸ਼ : 3500 ਰੁ: |

ਹਰ ਘਰ ਵਿੱਚ ਪਹੁੰਚਣਾ ਅਤੀ ਜ਼ਰੂਰੀ ਹੈ।

### ਘਰ ਬੈਠੇ ਦੋ-ਸਾਲਾ ਸਿੱਖ ਮਿਸ਼ਨਰੀ ਪੱਤਰ ਵਿਹਾਰ ਕੋਰਸ

ਵਿੱਚ ਦਾਖ਼ਲਾ ਲੈ ਕੇ ਸਿੱਖ ਧਰਮ ਦੀ ਸਹੀ ਤੇ ਪੂਰੀ ਜਾਣਕਾਰੀ ਹਾਸਲ ਕਰੋ। ਪ੍ਰਾਸਪੈਕਟਸ (ਫ਼ਾਰਮ, ਸਿਲੇਬਸ ਆਦਿ) ਤਿੰਨ ਰੁਪਏ ਦੀਆਂ ਡਾਕ-ਟਿਕਟਾਂ ਭੇਜ ਕੇ ਕਾਲਜ ਦੇ ਪਤੇ ਤੋਂ ਮੰਗਵਾਉ।

*ਹਰ ਪ੍ਰਕਾਰ ਦੀ ਮਾਇਆ ਭੇਜਣ ਲਈ ਕਾਲਜ ਦਾ ਪਤਾ :*



**ਸਿੱਖ ਮਿਸ਼ਨਰੀ ਕਾਲਜ (ਰਜਿ:)**

1051, ਕੂਚਾ ਨੰ: 14, ਫ਼ੀਲਡ ਗੰਜ, ਲੁਧਿਆਣਾ।

ਸਬ ਆਫ਼ਿਸ : A- 143, ਫ਼ਤਹਿ ਨਗਰ, ਨਵੀਂ ਦਿੱਲੀ - 18




# ਕੇਸ ਗੁਰੂ ਦੀ ਮੋਹਰ

26 ਦਸੰਬਰ 1963 ਨੂੰ ਕਸ਼ਮੀਰ ਦੀ ਬਰਫ ਨੂੰ ਅੱਗ ਲੱਗ ਗਈ। ਸਖਤ ਸਰਦੀ ਤੇ ਬਰਫਾਂ ਨੂੰ ਚੀਰਦੇ ਹੋਏ ਕਈ ਮੁਸਲਮਾਨ ਗੁੱਸੇ ਤੇ ਰੋਹ ਨਾਲ ਭਰੇ ਹੋਏ ਸ੍ਰੀਨਗਰ ਦੇ ਬਜ਼ਾਰਾਂ ਨੂੰ ਅੱਗਾਂ ਲਾ ਰਹੇ ਸਨ।

ਗੱਲ ਕੀ ਸੀ ? ਹਜ਼ਰਤ ਮੁਹੰਮਦ ਸਾਹਿਬ ਦੇ ਇਕ ਦਿਨ (ਮੂਏ ਮੁਬਾਰਕ) ਜੋ ਕਈ ਸੌ ਸਾਲਾਂ ਤੋਂ ਸ੍ਰੀਨਗਰ ਦੀ ਇਕ ਮਸਜ਼ਦ ਵਿਚ ਸੰਭਾਲਿਆ ਪਿਆ ਸੀ, ਕਿਸੇ ਨੇ ਚੁਰਾ ਲਿਆ।

ਉਸ ਕੇਸ (ਵਾਲ) ਨੂੰ ਲੱਭਣ ਵਾਲੇ ਨੂੰ ਇਕ ਲਖ ਰੁਪਿਆ ਤੇ ਥਹੁ ਪਤਾ ਦੱਸਣ ਵਾਲੇ ਨੂੰ 500/- ਰੁ: ਕਸ਼ਮੀਰ ਸਰਕਾਰ ਵਲੋਂ ਦੇਣ ਦਾ ਐਲਾਨ ਕੀਤਾ ਗਿਆ।

ਇਤਨੀ ਤਰਥੱਲੀ ਮਚੀ ਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਪੰ: ਜਵਾਹਰ ਲਾਲ ਨਹਿਰੂ ਨੂੰ ਉਚੇਚੇ ਤੌਰ ਤੇ ਇਸ ਦੁਖ ਦਾ ਪ੍ਰਗਟਾਵਾ ਕਰਨ ਲਈ ਅਤੇ ਹਰ ਪ੍ਰਕਾਰ ਦੀ ਲੋੜੀਂਦੀ ਸਹਾਇਤਾ ਦੇਣ ਦਾ ਐਲਾਨ ਰੇਡੀਓ ਤੋਂ ਉਚੇਚਾ ਕਰਨਾ ਪਿਆ।

ਮੁਸਲਮਾਨ ਭਾਵੇਂ ਆਪ ਕੇਸਾਧਾਰੀ ਨਹੀਂ, ਪਰ ਆਪਣੇ ਕੇਸਾਧਾਰੀ ਪੈਗੰਬਰ ਦੇ ਇਕ ਕੇਸ ਪ੍ਰਤੀ ਜੋ ਅਥਾਹ ਸ਼ਰਧਾ ਤੇ ਜੋਸ਼ ਉਨ੍ਹਾਂ ਨੇ ਵਿਖਾਇਆ ਉਹ ਉਨ੍ਹਾਂ ਦੀ ਪੈਗੰਬਰ ਭਗਤੀ ਦਾ ਇਕ ਸ਼ਾਨਦਾਰ ਨਮੂਨਾ ਸੀ।

ਅਨੇਕਾਂ ਯਤਨ ਕਰਨ ਤੇ ਆਖਰ 3-4 ਦਿਨਾਂ ਮਗਰੋਂ ਉਹ ਪਵਿੱਤਰ ਕੇਸ ਲੱਭ ਪੈਣ ਤੇ ਸ਼ਾਂਤੀ ਹੋਈ ਅਤੇ ਉਸ ਵੇਲੇ ਦੇ ਕਸ਼ਮੀਰ ਦੇ ਮੁੱਖ ਮੰਤਰੀ **ਨੇ ਕਿਹਾ ਸੀ ਕਿ ਮੁਸਲਮਾਨਾਂ ਲਈ ਅਸਲ ਵਿਚ ਈਦ ਅੱਜ ਹੈ।**

## ਦੂਜਾ ਨਮੂਨਾ

ਭੰਗਾਣੀ ਦੇ ਯੁੱਧ ਦੀ ਵਾਰਤਾ ਸਾਨੂੰ ਯਾਦ ਹੋਣੀ ਚਾਹੀਦੀ ਹੈ ਕਿ ਉਸ ਸਮੇਂ ਸਢੌਰੇ ਦੇ ਪੀਰ ਬੁੱਧੂ ਸ਼ਾਹ, ਜਿਨ੍ਹਾਂ ਨੇ ਇਸ ਯੁੱਧ ਵਿਚ ਆਪਣੇ ਦੋ ਜਵਾਨ ਪੁੱਤਰ ਅਤੇ ਕਈ ਸੌ ਮੁਰੀਦ (ਚੇਲੇ) ਗੁਰੂ ਸਾਹਿਬ ਜੀ ਵਲੋਂ ਦੁਸ਼ਮਨ (ਜਿਨ੍ਹਾਂ ਵਿਚ ਮੁਸਲਮਾਨ ਵੀ ਸ਼ਾਮਲ ਸਨ) ਨਾਲ ਲੜਦਿਆਂ ਸ਼ਹੀਦ ਕਰਵਾ ਦਿੱਤੇ ਸਨ ।

ਯੁੱਧ ਦੇ ਜਿੱਤਣ ਮਗਰੋਂ ਪੀਰ ਜੀ, ਗੁਰੂ ਜੀ ਤੋਂ ਵਿਦਾ ਹੋਣ ਦੀ ਆਗਿਆ ਮੰਗਦੇ ਹਨ ਤਾਂ ਗੁਰੂ ਜੀ ਉਨ੍ਹਾਂ ਦੀ ਮਹਾਨ ਕੁਰਬਾਨੀ ਤੋਂ ਪ੍ਰਸੰਨ ਹੋਏ-ਹੋਏ ਕੁਝ ਮੰਗ ਮੰਗਣ ਲਈ ਕਹਿੰਦੇ ਹਨ ।

ਮਹਾਰਾਜ ਗੁਰੂ ਗੋਬਿੰਦਸਿੰਘ ਜੀ ਉਸ ਸਮੇਂ ਆਪਣੇ ਕੇਸਾਂ ਨੂੰ ਕੰਘਾ ਕਰ ਕੇ ਦਸਤਾਰ ਸਜਾਉਣ ਲਗੇ ਸਨ । ਪੀਰ ਜੀ ਨੇ ਉਸ ਵੇਲੇ ਗੁਰੂ ਸਾਹਿਬ ਦੇ ਕੰਘੇ ਨਾਲ ਅੜੇ ਹੋਏ ਪਵਿੱਤਰ ਕੇਸਾਂ ਨੂੰ ਕੰਘੇ ਸਮੇਤ ਲੈਣ ਦੀ ਮੰਗ ਕੀਤੀ ਜੋ ਮਹਾਰਾਜ ਨੇ ਪਰਵਾਨ ਕਰ ਕੇ ਪੀਰ ਜੀ ਦੀ ਇੱਛਾ ਪੂਰੀ ਕੀਤੀ ।

ਇਸ ਤਰ੍ਹਾਂ ਪੀਰ ਜੀ ਨੇ ਰਹਿੰਦੀ ਉਮਰ ਤਕ ਉਨ੍ਹਾਂ ਪਵਿੱਤਰ ਕੇਸਾਂ ਵਾਲੇ ਕੰਘੇ ਨੂੰ ਸੁਨਹਿਰੀ ਡੱਬੀ ਵਿਚ ਸੰਭਾਲ ਰਖਿਆ ਤੇ ਰੋਜ਼ ਸਵੇਰੇ ਇਸ਼ਨਾਨ ਕਰ ਕੇ, ਭਜਨ ਪਾਠ ਸਮੇਂ ਉਨ੍ਹਾਂ ਕੇਸਾਂ ਤੇ ਕੰਘੇ ਵਿਚੋਂ ਸਾਹਿਬਾਂ ਦੇ ਦਰਸ਼ਨ ਕਰਦੇ।

(ਇਹ ਪਵਿੱਤਰ ਕੇਸ ਤੇ ਕੰਘਾ ਮਹਾਰਾਜ ਨਾਭਾ ਦੇ ਤੋਸ਼ੇ ਖਾਨੇ ਵਿਚ ਸਾਂਭੇ ਪਏ ਸੁਣੀਂਦੇ ਹਨ ।)

ਪੀਰ ਜੀ ਦੇ ਪਿਆਰੇ ਪੁੱਤਰ ਤੇ ਮੁਰੀਦ ਸ਼ਹੀਦ ਕਰਵਾ ਕੇ ਗੁਰੂ ਜੀ ਦੇ ਪਵਿੱਤਰ ਕੇਸਾਂ ਦੀ ਕਦਰੋ-ਕੀਮਤ ਦਾ ਨਮੂਨਾ ਇਕ ਪਾਸੇ ਹੈ ।

ਦੂਜੇ ਪਾਸੇ ਉਪਰੋਕਤ ਵਾਪਰੀ ਕਸ਼ਮੀਰ ਦੀ ਘਟਨਾ ਪੜ੍ਹ ਸੁਣ ਕੇ ਸਾਨੂੰ ਵੀ ਸੋਚਣਾ ਬਣਦਾ ਹੈ ਕਿ ਅਸੀਂ ਕੇਸ ਧਾਰੀਆਂ ਦੀ ਕੌਮ, ਗੁਰੂ ਕੇ ਸਿੱਖ ਅਖਵਾਉਣ ਵਾਲੇ ਅੱਜ ਕਿਥੇ ਖੜੇ ਹਾਂ ?

ਪੈਗੰਬਰ-ਭਗਤੀ ਦਾ ਇਹ ਸ਼ਾਨਦਾਰ ਨਮੂਨਾ, ਪੁੱਤਰਾਂ, ਪਰਵਾਰ ਤੇ



ਬੇਅੰਤ ਸੇਵਕਾਂ ਦੀ ਕੁਰਬਾਨੀ ਦੇ ਕੇ ਪਿਆਰੇ ਗੁਰੂ ਦੇ ਪਾਵਨ ਕੁਝ ਕੇਸਾਂ ਤੇ ਕੰਘੇ ਨੂੰ ਨਿਆਮਤ ਅਤੇ ਕੀਮਤੀ ਸਮਝਣਾ ਇਕ ਪਾਸੇ, ਤੇ ਦੂਜੇ ਪਾਸੇ ਅਸੀਂ ਐਸੇ ਅਕ੍ਰਿਤਘਣ ਬਣਦੇ ਜਾ ਰਹੇ ਹਾਂ ਕਿ ਜਿਸ ਗੁਰੂ ਪਾਤਸ਼ਾਹ ਨੇ ਆਪਣਾ ਸਾਰਾ ਸਰਬੰਸ, ਮਾਤਾ-ਪਿਤਾ ਸ਼ਹੀਦ ਕਰਵਾ ਕੇ ਸਾਨੂੰ ਆਪਣਾ ਪੁੱਤਰ ਬਣਾਇਆ ਸੀ, ਸਾਨੂੰ ਆਪਣੇ ਵਰਗੀ ਸ਼ਕਲ ਸੂਰਤ ਦਿੱਤੀ, ਸਾਡੇ ਵਿਚ ਆਪਣੇ ਵਰਗੇ ਮਹਾਨ ਗੁਣ ਭਰੇ ਸਨ, ਅੱਜ ਅਸੀਂ ਮਹਾਰਾਜ ਦੀ ਬਖ਼ਸ਼ਿਸ਼, ਕੇਸਾਂ ਦੀ ਮਹਾਨਤਾ ਆਪ ਵੀ ਚੰਗੀ ਤਰ੍ਹਾਂ ਨਹੀਂ ਸਮਝ ਸਕੇ ।

ਅਸੀਂ ਦੂਸਰਿਆਂ ਨੂੰ ਕੇਸਾਂ ਦੀ ਮਹਾਨਤਾ ਕੀ ਦਰਸਾਉਣੀ ਸੀ ਜਦ ਕਿ ਸਾਡੇ ਸੈਂਕੜੇ ਹਜ਼ਾਰਾਂ ਆਪਣੇ ਭੁੱਲੜ ਵੀਰ, ਸਿੱਖ ਅਖਵਾਉਣ ਵਾਲੇ ਹੀ ਖੁਲਮ-ਖੁਲਾ ਕੇਸਾਂ-ਦਾੜ੍ਹੀਆਂ ਦੀ ਬੇਅਦਬੀ ਕਰ ਰਹੇ ਹਨ । ਸ਼ਕਲ ਸੂਰਤ ਵਿਗਾੜ ਰਹੇ ਹਨ ।

## ਗੁਰੂ ਸਾਹਿਬ ਨੇ ਕਿਹਾ ਸੀ

26 ਜੇਠ ਸੰਮਤ 1756 ਨੂੰ ਜੋ ਹੁਕਮਨਾਮਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਾਬਲ ਦੀ ਸੰਗਤ ਨੂੰ ਭੇਜਿਆ ਸੀ ਉਸ ਦੀ ਨਕਲ ਇਸ ਤਰ੍ਹਾਂ ਹੈ :-

ੴ ਸਤਿਗੁਰੂ ਜੀ ਸਹਾਇ ॥

ਸਰਬਤ ਸੰਗਤ ਕਾਬਲ ਗੁਰੂ ਰਖੇਗਾ, ਤੁਸਾਂ ਉਤੇ ਸਾਡੀ ਬਹੁਤ ਖੁਸ਼ੀ ਹੈ । ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ । ਕੇਸ ਰਖਣੇ, ਇਹ ਸਾਡੀ ਮੋਹਰ ਹੈ । ਕਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜਾ ਹੱਥ ਰਖਣਾ, ਦੋਨੋ ਵਕਤ ਕੇਸਾਂ ਦੀ ਪਾਲਣਾ ਕਰਨੀ, ਸਰਬ ਸੰਗਤ ਅਭਾਖਿਆ ਦਾ ਕੁਠਾ ਖਾਵੇ ਨਾਹੀ, ਤਮਾਕੂ ਨਾ ਵਰਤਨਾ, ਭਾਦਨੀ ਤਥਾ ਕੰਨਿਆ ਮਾਰਨ ਵਾਲੇ ਸੇ ਮਿਲਾਪ ਨ ਰੱਖੇ......ਗੁਰਬਾਣੀ ਪੜ੍ਹਨੀ, ਵਾਹਿਗੁਰੂ ਵਾਹਿਗੁਰੂ ਜਪਨਾ, ਗੁਰੂ ਕੀ ਰਹਿਤ ਰਖਣੀ ।

ਇਸ ਹੁਕਮਨਾਮੇ ਵਿਚ ਸਾਰੀਆਂ ਗੱਲਾਂ ਲਗ-ਭਗ ਸਪਸ਼ਟ ਹਨ । ਇਸ ਲੇਖ ਦਾ ਵਿਸ਼ਾ ਜੋ ਕੇਸਾਂ ਸੰਬਧੀ ਹੈ, ਉਸ ਦਾ ਜ਼ਿਕਰ ਇਸ ਵਿਚ ਇਹੋ ਹੈ ਕਿ :-

(1) ਕੇਸਾਂ ਨੂੰ ਗੁਰੂ ਕੀ ਮੋਹਰ ਸਮਝਣਾ, ਤੇ ਇਹਨਾਂ ਨੂੰ ਜਨਮ ਤੋਂ ਹੀ ਜਿਉਂ ਦੇ ਤਿਉਂ ਸਾਬਤ ਰਖਣਾ ਹੈ ।

ਗੁਰੂ ਦੀ ਮੋਹਰ ਦੇ ਸਤਿਕਾਰ ਨੂੰ ਮੁਖ ਰਖਦਿਆਂ ਨੰਗੇ ਸਿਰ ਗਲੀਆਂ ਬਜ਼ਾਰਾਂ 'ਚ ਫਿਰਨਾ ਜੰਗਲ ਪਾਣੀ ਨੰਗੇ ਸਿਰ ਜਾਣਾ ਬੜੀ ਵੱਡੀ ਭੁੱਲ ਹੈ ।

(2) ਦੋਵੇਂ ਵਕਤ ਕੇਸਾਂ ਦੀ ਪਾਲਣਾ ਕਰਨ ਦਾ ਭਾਵ ਵੀ ਸਪਸ਼ਟ ਹੈ ਕਿ ਸਵੇਰੇ-ਸ਼ਾਮ ਕੇਸਾਂ ਨੂੰ ਕੰਘੇ ਨਾਲ ਸਾਫ ਰਖਣਾ ਹੈ । ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਆਪਣੇ-ਆਪਣੇ ਕੇਸਾਂ ਵਿਚ ਕੰਘਾ ਮਤਵਾਤਰ ਰੱਖੀਏ ।

ਕੰਘੇ ਨੂੰ ਕੇਸਾਂ ਵਿਚ ਰਖਣ ਦੀ ਪਕਿਆਈ ਲਈ ਹੀ ਇਸ ਨੂੰ ਕਕਾਰਾਂ ਵਿਚ ਸ਼ਾਮਲ ਕੀਤਾ ਗਿਆ ਹੈ । ਪਰ ਕਈ ਸੁਸਤ ਤੇ ਅਟਜਾਣ ਬੰਦੇ ਕੰਘਾ ਕੇਸਾਂ ਵਿਚ ਨਾ ਰਖਣ ਕਾਰਨ ਜਦ ਕਦੀ ਬਾਹਰ ਅੰਦਰ ਜਾਂਦੇ ਹਨ ਤਾਂ ਉਥੇ ਦੂਜੇ ਘਰਾਂ ਦੀਆਂ ਕੰਘੀਆਂ ਦੀ ਭਾਲ ਕਰਦੇ ਹਨ । ਭਾਵੇਂ ਉਹ ਕੰਘੀਆਂ ਕਿੰਨੀਆਂ ਗੰਦੀਆਂ ਜਾਂ ਜੂੰਆਂ ਜਾਂ ਸਿਕਰੀ (ਕਰ) ਵਾਲੇ ਸਿਰਾਂ ਵਿਚ ਫਿਰਨ ਵਾਲੀਆਂ ਹੋਣ । ਐਸੇ ਵੀਰਾਂ ਭੈਣਾਂ ਨੂੰ ਆਪਣਾ ਕੰਘਾ ਨਵੇਕਲਾ ਆਪਣੇ ਕੇਸਾਂ ਵਿਚ ਰਖਣਾ ਚਾਹੀਦਾ ਹੈ ।

(3) ਭਾਦਨੀ ਦਾ ਮਤਲਬ ਹੈ-ਸਿਰ ਮੂੰਹ ਮੁਨਾਉਣ ਵਾਲਾ । ਕੇਸ ਦਾਹੜੀ ਮੁੰਨਣ ਜਾਂ ਕਤਰਨ ਵਾਲੇ ਨਾਲ ਮੇਲ ਮਿਲਾਪ ਨਾ ਰਖਣ ਦਾ ਭਾਵ ਵੀ ਸਪਸ਼ਟ ਹੈ । ਗੁਰੂ ਜੀ ਐਸੇ ਸਿੱਖ ਨੂੰ ਬਿਲਕੁਲ ਪਸੰਦ ਨਹੀਂ ਕਰਦੇ ਜੋ ਸਿੱਖ ਵੀ ਅਖਵਾਵੇ ਅਤੇ ਰਹਿਤ ਦੇ ਮੁਢਲੇ ਅਤੇ ਜ਼ਰੂਰੀ ਅਸੂਲ ਵੀ ਨਾ ਅਪਨਾਏ । ਅਰਥਾਤ ਕੇਸ ਦਾਹੜੀ ਸਾਬਤ ਨਾ ਰਖੇ ।

(4) ਆਪਣੇ ਬੱਚਿਆਂ ਨੂੰ ਛੋਟੀ ਉਮਰ ਤੋਂ ਸਿਰ ਢਕ ਕੇ ਰਖਣ ਦੀ ਆਦਤ ਪਾਓ । ਨੱਕ ਪੂੰਝਣ ਵਰਗੇ ਛੋਟੇ ਰੁਮਾਲ ਬੰਨ੍ਹ ਦੇਣ ਨਾਲ ਸਿਰ ਦੇ ਆਲੇ ਦੁਆਲੇ ਦੇ ਛੋਟੇ ਛੋਟੇ ਕੇਸ ਖਿਲਰ ਜਾਣ ਕਾਰਨ ਚੰਗੇ ਨਹੀਂ ਲਗਦੇ । ਇਸ ਲਈ ਪੰਜਵੀਂ ਤਕ ਦੇ ਬੱਚਿਆਂ ਨੂੰ ਪੂਰਾ ਸਿਰ ਢਕਣ ਵਾਲੇ ਰੁਮਾਲ ਬੰਨ੍ਹੋ ਅਤੇ ਉਸ ਤੋਂ ਵੱਡਿਆਂ ਨੂੰ ਦਸਤਾਰ ਸਜਾਉਣ ਦੀ ਆਦਤ ਪਾਓ ।

## ਹਜ਼ੂਰੀ ਕਵੀ

### ਗੁਰੂ ਮਹਾਰਾਜ ਦੇ ਦਰਬਾਰੀ ਕਵੀ ਅਤੇ ਅੰਨਿਨ ਸਿੱਖ ਭਾ: ਨੰਦ ਲਾਲ



ਸਿੰਘ ਜੀ ਜਿਥੇ ਗੁਰੂ ਪਾਤਸ਼ਾਹ ਦੇ ਇਕ ਇਕ ਸੁੰਦਰ ਵਾਲ ਤੋਂ ਦੋਵੇਂ ਦੁਨੀਆਂ (ਲੋਕ ਪ੍ਰਲੋਕ) ਕੁਰਬਾਨ ਕਰਦੇ ਹੋਏ ਲਿਖਦੇ ਹਨ :-

**ਹਰ ਦੋ ਆਲਮ ਕੀਮਤੇ, ਯਕ ਤਾਰ ਮੂਏ ਯਾਰ ਮਾਂ ।**

ਉਥੇ 'ਤਨਖਾਹ ਨਾਮੇ' ਵਿਚ ਗੁਰੂ ਸਾਹਿਬ ਦਾ ਸਿੱਖਾਂ ਪ੍ਰਤੀ ਫੁਰਮਾਨ ਇਸ ਤਰ੍ਹਾਂ ਲਿਖਦੇ ਹਨ :-

**ਕੰਘਾ ਦੋਨੋ ਵਕਤ ਕਰ, ਪਾਗ ਚੁਨੇ ਕਰ ਬਾਂਧਈ ।**

ਇਸ ਦਾ ਭਾਵ ਵੀ ਸਪਸ਼ਟ ਹੈ ਕਿ ਸਿੱਖ ਨੇ ਦੋਵੇਂ ਵੇਲੇ ਕੇਸਾਂ ਨੂੰ ਕੰਘਾ ਕਰਨਾ ਹੈ । ਪਰ ਇਹ ਤਾਂ ਹੀ ਹੋ ਸਕੇਗਾ ਜੇ ਉਸ ਨੇ ਆਪਣੇ ਕੇਸਾਂ ਵਿਚ ਕੰਘਾ ਰਖਿਆ ਹੋਵੇਗਾ ।

ਪੱਗ ਚੁਨ ਕੇ ਬੰਨ੍ਹਣ ਦਾ ਵੀ ਮਤਲਬ ਸਾਫ ਹੈ ਕਿ ਸਿੱਖ ਨੇ ਲੜ ਲੜ ਕਰ ਕੇ ਪੱਗ ਉਤਾਰਨੀ ਹੈ ਤੇ ਹਰ ਵਾਰ ਲੜ ਲੜ ਕਰਕੇ ਦਤਸਾਰ ਸਜਾਉਣੀ ਹੈ । ਦਸਤਾਰ (ਪੱਗ) ਨੂੰ ਮਾਵਾ ਲਾਕੇ ਇਕ ਦਿਨ ਬੰਨ੍ਹ ਲੈਣੀ ਤੇ ਫਿਰ ਟੋਪ ਦੀ ਤਰ੍ਹਾਂ ਉਤਾਰਨੀ ਤੇ ਕਈ-ਕਈ ਦਿਨ ਉਸੇ ਨਾਲ ਕੰਮ ਸਾਰਨਾ ਸਿੱਖੀ ਨਹੀਂ । ਇਹ ਸੁਸਤੀ ਤੇ ਢਿਲੜ ਪੁਣੇ ਦੀ ਵੱਡੀ ਨਿਸ਼ਾਨ ਹੈ ।

ਗੁਰੂ ਜੀ ਦੇ ਦਰਬਾਰ ਦੇ 52 ਕਵੀਆਂ ਵਿਚੋਂ ਕਵੀ ਸੈਨਾਪਤਿ (ਸੈਨਾ ਸਿੰਘ) ਐਸੇ ਸਨ ਜਿਨ੍ਹਾਂ ਨੇ ਖਾਲਸਾ ਸਾਜਨ ਦਾ ਦ੍ਰਿਸ਼ ਜਿਥੇ ਆਪਣੀਆਂ ਅੱਖਾਂ ਨਾਲ ਵੇਖਿਆ ਉਥੇ ਗੁਰੂ ਪਾਤਸ਼ਾਹ ਦੇ ਉਪਦੇਸ਼ਾਂ ਨੂੰ ਆਪਣੇ ਕੰਨੀ ਸੁਣਕੇ ਪੁਸਤਕ 'ਗੁਰਸ਼ੋਭਾ' ਵਿਚ ਲਿਖਿਆ ਵੀ ਹੈ । ਉਹ ਗੁਰੂ ਸਾਹਿਬ ਦੇ ਉਸ ਵੇਲੇ ਦਿਤੇ ਉਪਦੇਸ਼ਾਂ ਵਿਚੋਂ ਪੰਗਤੀਆਂ ਇਸ ਤਰ੍ਹਾਂ ਲਿਖਦੇ ਹਨ :-

*ਹੁਕਾ ਨ ਪੀਵੈ, ਸੀਸ ਦਾੜ੍ਹੀ ਨ ਮੁੰਡਾਵੈ'*
*ਸੋ ਤੋ ਵਾਹਗੁਰੂ ਵਾਹਗੁਰੂ ਗੁਰੂ ਜੀ ਕਾ ਖਾਲਸਾ*

## ਭੁਲੇਖਾ ਨ ਰਵੇ

ਇਹ ਭੁਲੇਖਾ ਨ ਰਵੇ ਕਿ ਕੇਸ ਦਾੜ੍ਹੀ ਸਾਬਤ ਰੱਖਣ ਦਾ ਹੁਕਮ ਕੇਵਲ ਦਸਵੇਂ ਗੁਰੂ ਜੀ ਨੇ ਹੀ ਦਿਤਾ ਸੀ ।

ਗਿਆਨ ਰਤਨਾਵਲੀ ਵਿਚ ਭਾ: ਸਾਹਿਬ ਮਨੀ ਸਿੰਘ ਜੀ ਸ਼ਹੀਦ ਲਿਖਦੇ ਹਨ ਕਿ ਜਦ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੀ ਆਗਿਆ ਮੰਨ ਕੇ ਪ੍ਰਚਾਰ ਦੌਰਿਆਂ ਲਈ ਪਹਿਲੀ ਵਾਰ ਤੁਰਨ ਲਗੇ ਤਾਂ ਗੁਰੂ ਪਾਤਸ਼ਾਹ ਤੋਂ ਭਾ: ਮਰਦਾਨਾ ਜੀ ਨੇ ਉਪਦੇਸ਼ ਮੰਗਿਆ, ਤਾਂ ਸਾਹਿਬਾਂ ਨੇ ਕਿਹਾ ਸੀ :-

(1) ਕੇਸ ਨਹੀਂ ਕਟਾਉਣੇ ।
(2) ਪਿਛਲੀ ਰਾਤ ਉਠ ਕੇ ਪ੍ਰਭੂ ਦਾ ਨਾਮ ਜਪਣਾ ।
(3) ਆਏ ਗਏ ਭਲੇ ਪੁਰਸ਼ ਦੀ ਸੇਵਾ ਕਰਨੀ ।

ਇਥੇ ਹੀ ਬੱਸ ਨਹੀਂ, ਧਰਮੀ ਹਕੀਕਤ ਰਾਏ (ਸ਼ਹੀਦ) ਜੀ ਦੇ ਦਾਦਾ, ਭਾ: ਨੰਦ ਲਾਲ ਜੀ ਪੁਰੀ ਜਦ ਸੱਤਵੇਂ ਗੁਰੂ ਸ੍ਰੀ ਗੁਰੂ ਹਰਿ ਰਾਏ ਜੀ ਪਾਸ ਦਰਸ਼ਨ ਕਰਨ ਲਈ ਪਿੰਡ ਗਲੋਟੀਆਂ ਆਏ ਤਾਂ ਉਪਦੇਸ਼ ਮੰਗਣ ਤੇ ਮਹਾਰਾਜ ਨੇ ਕਿਹਾ ਸੀ :-

(1) ਕੇਸ ਨਹੀਂ ਕਟਵਾਉਣੇ ।
(2) ਤੰਬਾਕੂ ਨਹੀਂ ਪੀਣਾ ।
(3) ਟੋਪੀ ਨਹੀਂ ਪਹਿਨਣੀ ।

ਇਸ ਤਰ੍ਹਾਂ ਇਤਿਹਾਸ ਵਿਚ ਕਈ ਹੋਰ ਵੀ ਉਦਾਹਰਨਾਂ ਮਿਲਦੀਆਂ ਹਨ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਕੇਸ ਦਾੜ੍ਹੀ ਸਾਬਤ ਰੱਖਣ ਦਾ ਹੁਕਮ ਪਹਿਲੇ ਗੁਰੂ ਸਾਹਿਬ ਤੋਂ ਹੀ ਅਰੰਭ ਹੋ ਗਿਆ ਸ੍ਰੀ । ਗੁਰਬਾਣੀ ਵਿਚ 'ਕੇਸ' ਸ਼ਬਦ ਦੀ ਵਰਤੋਂ ਅਨੇਕ ਵਾਰ ਕੀਤੀ ਗਈ ਮਿਲਦੀ ਹੈ । ਗੁਰੂ ਕਾਲ ਦੇ ਸਿੱਖ ਇਤਿਹਾਸ ਵਿਚ ਕਿਧਰੇ ਐਸੀ ਮਿਸਾਲ ਨਹੀਂ ਮਿਲਦੀ ਕਿ ਕਿਸੇ ਸਿੱਖ ਨੇ ਦਾੜ੍ਹੀ ਜਾਂ ਕੇਸਾਂ ਦੀ ਬੇਅਦਬੀ ਕੀਤੀ ਹੋਵੇ । ਕੇਸਾਂ ਨੂੰ ਸਾਬਤ ਸੂਰਤ ਰੱਖਣ ਦੀ ਖਾਤਰ ਜਾਨ ਤੱਕ ਨਿਛਾਵਰ ਕਰ ਦੇਣਾ, ਖੋਪਰੀਆਂ ਲੁਹਾ ਦੇਣ ਦਾ ਜ਼ਿਕਰ ਇਤਿਹਾਸ ਵਿਚ ਅੰਕਿਤ ਹੈ । ਦਸਮੇਸ਼ ਜੀ ਨੇ ਕੇਸਾਂ ਦੀ ਬੇਅਦਬੀ ਨੂੰ ਕੁਰਹਿਤ ਵਿਚ ਸ਼ਾਮਲ ਕੀਤਾ ਹੈ ।

ਯਾਦ ਰਹੇ ਕਿ ਕੁਰਹਿਤ ਕਰਨ ਵਾਲਾ ਸਿੱਖ, ਸਿੱਖ ਨਹੀਂ ਰਹਿੰਦਾ ਸਗੋਂ ਪਤਿਤ ਹੋ ਜਾਂਦਾ ਹੈ । ਸਿੱਖੀ ਦਾਇਰੇ ਤੋਂ ਖਾਰਜ ਸਮਝਿਆ ਜਾਂਦਾ ਹੈ ।



## ਸਭ ਤੋਂ ਸੋਹਣਾ ਮਨੁੱਖ

ਸੰਸਾਰ ਭਰ ਦੀ ਕੇਂਦਰੀ ਜਮਾਤ ਯੂ. ਐਨ. ਓ. ਨੂੰ ਜਦ ਸ੍ਰੀ ਗੁਰੂ ਗਰੰਥ ਸਾਹਿਬ ਵਿਚਲੇ ਮਹਾਨ ਗੁਰੂ ਉਪਦੇਸ਼ਾਂ ਬਾਰੇ ਸੋਝੀ ਹੋਈ ਤਾਂ ਉਸ ਨੇ ਇਸ ਵਿਚੋਂ ਕੁਝ ਖਾਸ ਬਾਣੀਆਂ ਦਾ ਉਲਥਾ ਅੰਗਰੇਜ਼ੀ ਅਤੇ ਹੋਰ ਕਈ ਬੋਲੀਆਂ ਵਿਚ ਛਪਵਾਇਆ ।

ਇਸ ਗਰੰਥ ਦੇ ਤਿਆਰ ਹੋਣ ਤੇ ਇਸ ਦਾ ਮੁੱਖ-ਬੰਦ ਲਿਖਣ ਲਈ ਅਮਰੀਕਾ ਦੇ ਪ੍ਰਸਿਧ ਖੋਜੀ ਇਤਿਹਾਸਕਾਰ ਮਿਸਟਰ ਤਿਆਨਬੀ ਨੂੰ ਚੁਣਿਆ ਗਿਆ ।

ਯਾਦ ਰਹੇ ਕਿ ਇਹ ਮਹਾਨ ਵਿਦਵਾਨ ਖੋਜੀ ਵੀਹਵੀਂ ਸਦੀ ਦਾ ਇਕੋ ਇਕ ਲੋਕ ਪ੍ਰਿਯ ਲਿਖਾਰੀ ਰਿਹਾ ਹੈ ਜਿਸ ਨੇ ਸਾਰੀ ਮਨੁੱਖਤਾ ਦਾ ਇਤਿਹਾਸ 20 ਜਿਲਦਾਂ ਵਿਚ ਲਿਖਿਆ ਹੈ ।

ਇਕ ਵਾਰ ਇਕ ਅਮਰੀਕਨ ਔਰਤ ਨੇ ਮਿ: ਤਿਆਨਬੀ ਤੋਂ ਪੁੱਛਿਆ ਕਿ ਤੁਸੀਂ ਸੰਸਾਰ ਦੇ ਸਾਰੇ ਲੋਕਾਂ ਬਾਰੇ ਲਿਖਿਆ ਹੈ, ਇਕ ਇਕ ਫਿਰਕੇ ਤੇ ਇਕ ਇਕ ਜਾਤ ਦੇ ਬੰਦੇ ਨੂੰ ਮਿਲੇ ਹੋ, ਉਨ੍ਹਾਂ ਦੀਆਂ ਰੀਤਾਂ-ਰਿਵਾਜਾਂ ਤੇ ਹੋਰ ਧਾਰਮਿਕ ਫਲਸਫੇ ਨੂੰ ਜਾਣਿਆ, ਸਮਝਿਆ ਤੇ ਸੋਚ ਕੇ ਲਿਖਿਆ ਹੈ । ਸੋ ਇਸ ਤਜ਼ਰਬੇ ਦੇ ਆਧਾਰ ਤੇ ਕੀ ਤੁਸੀਂ ਮੈਨੂੰ ਦਸ ਸਕਦੇ ਹੋ ਕਿ ਦੁਨੀਆਂ ਵਿਚ ਸਭ ਤੋਂ ਸੁਹਣਾ ਮਨੁੱਖ ਕੌਣ ਹੈ ?

ਮਿਸਟਰ ਤਿਆਨਬੀ ਨੇ ਪਟੱਕ ਜਵਾਬ ਦਿੱਤਾ, 'ਖੁਲ੍ਹੀ ਦਾੜ੍ਹੀ ਵਾਲਾ ਪੂਰਨ-ਗੁਰਸਿੱਖ ।'

ਔਰਤ ਸੁਣ ਕੇ ਹੈਰਾਨ ਰਹਿ ਗਈ ਤੇ ਨਾਲ ਲਗਦਿਆਂ ਉਸ ਦੂਸਰਾ ਸਵਾਲ ਕਰਦਿਆਂ ਇਹ ਪੁਛਿਆ ਕਿ ਇਹ ਵੀ ਦੱਸ ਦਿਓ ਕਿ ਦੁਨੀਆਂ ਵਿਚ ਸਭ ਤੋਂ ਬਦਸੂਰਤ ਇਨਸਾਨ ਕਿਹੜਾ ਹੈ ?

ਮਿ: ਤਿਆਨਬੀ ਨੇ ਪਹਿਲੇ ਉੱਤਰ ਵਿਚ ਥੋਹੜੀ ਜਿਹੀ ਤਬਦੀਲੀ ਕਰਦਿਆਂ ਕਿਹਾ, 'ਉਹ ਸਿੱਖ ਜਿਸ ਨੇ ਕੇਸ ਦਾਹੜੀ ਮੁੰਨੀ ਹੋਈ ਹੈ ।'

## ਦੂਸਰੇ ਕੀ ਸੋਚਦੇ ਹਨ ?

ਕੁਝ ਸਾਲ ਹੋਏ ਸਰਦੀਆਂ ਦੇ ਸ਼ੁਰੂ ਵਿਚ ਇਕ ਸਿੱਖ ਨੌਜਵਾਨ ਇੰਗਲੈਂਡ

ਦੇਸ਼ ਦੇ ਇਕ ਸ਼ਹਿਰ ਬਰਮਿੰਘਮ ਦੇ ਇਕ ਕਾਰਖਾਨੇ ਵਿਚ ਨੌਕਰੀ ਲਈ ਗਿਆ । ਇਸ ਕਾਰਖਾਨੇ ਦਾ ਵੱਡਾ ਅਫਸਰ (ਡਾਇਰੈਕਟਰ) ਭਾਰਤ ਵਿਚ ਆਜ਼ਾਦੀ ਤੋਂ ਪਹਿਲਾਂ ਮਿਲਟਰੀ ਵਿਚ ਲੈਫਟੀਨੈਂਟ, ਕਪਤਾਨ ਤੇ ਹੋਰ ਉਚ ਪਦਵੀਆਂ ਤੇ ਕੰਮ ਕਰ ਚੁੱਕਾ ਸੀ । ਕੁਦਰਤ ਨਾਲ ਸਿੱਖ ਪਲਟਨਾਂ ਵਿਚ ਹੀ ਅਫਸਰ ਰਹਿਣ ਕਾਰਨ ਸਿੱਖਾਂ ਬਾਰੇ ਉਹ ਬਹੁਤ ਕੁਝ ਜਾਣਦਾ ਸੀ ਅਤੇ ਦਿਲੋਂ ਸਤਿਕਾਰ ਕਰਦਾ ਸੀ ।

ਉਹ ਡਾਇਰੈਕਟਰ ਸਿੱਖ ਨੌਜਵਾਨ ਦੀ ਸੋਹਣੀ ਕੇਸ ਦਾਹੜੀ ਵਾਲੀ ਸ਼ਕਲ-ਸੂਰਤ ਅਤੇ ਕਦ-ਕਾਠ ਵੇਖ ਕੇ ਜਿਥੇ ਬਹੁਤ ਖੁਸ਼ ਹੋਇਆ ਉਥੇ ਉਸਦੇ ਭਰੋਸਾ ਦਿਵਾਉਣ ਉੱਤੇ ਕਿ ਉਹ ਨੇਕ-ਨੀਤੀ ਤੇ ਲਗਨ ਨਾਲ ਕੰਮ ਕਰੇਗਾ, ਡਾਇਰੈਕਟਰ ਨੇ ਉਸ ਨੂੰ ਨੌਕਰੀ ਤੇ ਲਾ ਲਿਆ ।

ਫੈਕਟਰੀ (ਕਾਰਖਾਨੇ) ਵਿਚ ਕੰਮ ਕਰਦਿਆਂ ਉਸ ਸਿੱਖ ਨੂੰ ਕੁਝ ਮਹੀਨੇ ਹੀ ਹੋਏ ਸਨ ਕਿ ਉਹ ਭੈੜੀ ਸੰਗਤ (ਸੁਸਾਇਟੀ) ਵਿਚ ਪੈ ਗਿਆ ਅਤੇ ਕੇਸ ਦਾਹੜੀ ਕਤਲ ਕਰਵਾ ਦਿਤੇ । ਇਸ ਤਰ੍ਹਾਂ ਦਸਤਾਰ ਦੀ ਥਾਂ ਤੇ ਟੋਪ (ਹੈਟ) ਪਾਉਣ ਲੱਗ ਪਿਆ ।

ਅੰਗਰੇਜ਼ ਅਫਸਰ (ਡਾਇਰੈਕਟਰ) ਨੇ ਜਦ ਉਸਨੂੰ ਇਸ ਨਵੇਂ ਰੂਪ ਵਿਚ ਦੇਖਿਆ ਤਾਂ ਉਹ ਉਸ ਨੂੰ ਕੁਝ ਕਹਿਣਾ ਚਾਹੁੰਦਾ ਸੀ, ਪਰ ਕਹਿਣ ਤੋਂ ਰੁਕ ਗਿਆ ।

ਕ੍ਰਿਸਮਿਸ ਦੇ ਦਿਨ ਨੂੰ ਲੋਕੀਂ ਵੱਡਾ ਦਿਨ ਕਹਿੰਦੇ ਹਨ । ਇਹ ਦਿਨ ਅੰਗਰੇਜ਼ਾਂ ਦਾ ਤਿਉਹਾਰ ਵਾਲਾ ਦਿਨ ਹੁੰਦਾ ਹੈ । ਕਾਰਖਾਨੇ ਦੇ ਲਗਭਗ ਸਾਰੇ ਕਰਮਚਾਰੀ ਇਸ ਦਿਨ ਆਪਣੇ ਅਫਸਰਾਂ ਨੂੰ ਵਧਾਈ ਦੇਣ ਅਤੇ ਕੁਝ ਤੋਹਫਾ (ਸੁਗਾਤ) ਦੇਣ ਜਾਂਦੇ ਹਨ ।

ਇਸ ਦਿਨ ਉਹ ਪਤਿਤ ਸਿੱਖ ਵੀ ਆਪਣੇ ਸਾਥੀਆਂ ਨਾਲ ਡਾਇਰੈਕਟਰ ਦੀ ਕੋਠੀ ਉਸ ਨੂੰ ਵਧਾਈ ਅਤੇ ਤੋਹਫਾ ਆਦਿ ਦੇਣ ਲਈ ਗਿਆ । ਡਾਇਰੈਕਟਰ ਨੇ ਵਾਰੀ ਵਾਰੀ ਸਭ ਨਾਲ ਹੱਥ ਮਿਲਾਏ ਅਤੇ ਫੁੱਲਾਂ ਆਦਿ ਦੇ ਤੋਹਫੇ ਲੈ ਲਏ । ਪਰ ਜਦ ਉਸ ਪਤਿਤ ਨੌਜਵਾਨ ਦੀ ਵਾਰੀ ਆਈ ਤਾਂ ਡਾਇਰੈਕਟਰ ਨੇ ਉਸ ਨੂੰ ਕਿਹਾ ਮੈਂ ਤੇਰੇ ਕੋਲੋਂ ਵਧਾਈ ਨਹੀਂ ਲੈ ਸਕਦਾ । ਮੈਂ ਤੇਰੇ ਨਾਲ ਇਕ ਜ਼ਰੂਰੀ ਗੱਲ ਕਰਨੀ ਹੈ ਜੋ ਫਿਰ ਕਰਾਂਗਾ ।



ਸੁਣਨ ਵਾਲੇ ਹੋਰ ਕਰਮਚਾਰੀ ਹੈਰਾਨ ਸਨ ਅਤੇ ਸੋਚਦੇ ਸਨ ਕਿ ਪਤਾ ਹੀਂ ਕੀ ਗੱਲ ਹੈ ?

ਦੂਸਰੇ ਦਿਨ ਨੌਜਵਾਨ ਆਪ ਹੌਸਲਾ ਕਰਕੇ ਫੈਕਟਰੀ ਦੇ ਦਫਤਰ ਵਿਚ ਾਇਰੈਕਟਰ ਨੂੰ ਜਾ ਮਿਲਿਆ ਅਤੇ ਨਿਮੋਝੂਣਾ ਹੋਇਆ-ਹੋਇਆ ਬੜੀ ਨਮਰਤਾ ਨਾਲ ਪੁੱਛਣ ਲੱਗਾ ਕਿ ਸ਼੍ਰੀਮਾਨ ਜੀ ! ਮੇਰੇ ਕੋਲੋਂ ਕਿਹੜੀ ਗਲਤੀ ਗਈ ਹੈ, ਜੋ ਕਲ੍ਹ ਤੁਸੀਂ ਮੇਰੀ ਵਧਾਈ ਅਤੇ ਫੁੱਲ ਪ੍ਰਵਾਨ ਨਹੀਂ ਕੀਤੇ ? ਾਂ ਸਾਰੀ ਰਾਤ ਸੌਂ ਨਹੀਂ ਸਕਿਆ . ਜੇ ਮੇਰੇ ਕੋਲੋਂ ਕੋਈ ਗਲਤੀ ਹੋ ਗਈ ਹੈ ਾਂ ਮੈਨੂੰ ਮਾਫ ਕਰ ਦਿਓ, ਪਰ ਮੈਨੂੰ ਦੱਸ ਜ਼ਰੂਰ ਦਿਓ ਤਾਂ ਜੋ ਮੈ ਇਹ ਲਤੀ ਅਗੋਂ ਨਾ ਕਰਾਂ ।

ਡਾਇਰੈਕਟਰ ਨੇ ਪਿਆਰ ਅਤੇ ਰੋਹਬ ਨਾਲ ਕੁਝ ਇਸ ਤਰ੍ਹਾਂ ਾਖਿਆ :-

"ਮਿਸਟਰ ਸਿੰਘ ! ਮੈਂ ਕਈ ਸਾਲ ਸਿੱਖ ਫੌਜੀ ਜਵਾਨਾਂ ਦਾ ਅਫਸਰ ਹਾ ਹਾਂ, ਜਿਸ ਕਰਕੇ ਸਿੱਖਾਂ ਬਾਰੇ ਮੈਂ ਚੰਗੀ ਤਰ੍ਹਾਂ ਜਾਣਦਾਂ ਕਿ ਉਹੋ ਸਿੱਖ ਕ, ਈਮਾਨਦਾਰ ਅਤੇ ਬਹਾਦਰ ਹੋ ਸਕਦੇ ਹਨ ਜੋ ਆਪਣੇ ਧਰਮ ਵਿਚ ਕੇ ਹੋਣਗੇ । ਨੌਕਰੀ ਲੱਗਣ ਵਾਲੇ ਦਿਨ ਤੂੰ ਬਚਨ ਦਿਤਾ ਸੀ ਕਿ ਸੱਚਾ ਹਿ ਕੇ ਇਮਾਨਦਾਰ ਤੇ ਮਿਹਨਤ ਨਾਲ ਕੰਮ ਕਰੇਂਗਾ । ਪਰ ਮੈਂ ਤੈਨੂੰ ਬਦਲੇ ਏ ਰੂਪ ਵਿਚ ਵੇਖ ਕੇ ਮਹਿਸੂਸ ਕਰਦਾ ਹਾਂ ਕਿ ਜਦ ਤੂੰ ਆਪਣੇ ਧਰਮ ਵਿਚ ਪੱਕਾ ਨਹੀਂ ਰਿਹਾ ਤਾਂ ਹੁਣ ਕੀਤੇ ਬਚਨ ਨਿਭਾਉਣ ਵਿਚ ਕਿਸ ਤਰ੍ਹਾਂ ਕਾ ਰਹਿ ਸਕਦਾ ਹੈਂ ? ਇਹ ਮੈਨੂੰ ਸ਼ੱਕ ਹੈ ।"

ਦੂਜੀ ਗੱਲ ਜਿਹੜਾ ਆਦਮੀ ਆਪਣੇ ਧਰਮ ਵਿਚ ਪੱਕਾ ਨਹੀਂ ਉਸ ਨੂੰ ਹ ਚੰਗਾ ਨਹੀਂ ਲਗਦਾ ਕਿ ਉਹ ਦੂਜੇ ਦੇ ਧਾਰਮਿਕ ਤਿਉਹਾਰ ਉਤੇ ਆ ਕੇ ਧਾਈ ਦੇਵੇ । (ਜਿਸ ਤਰ੍ਹਾਂ ਤੂੰ ਮੈਨੂੰ ਕਲ ਕ੍ਰਿਸਮਿਸ ਦਿਨ ਉਤੇ ਵਧਾਈ ਦੇਣ ਾਇਆ ਸੀ ।)

ਡਾਇਰੈਕਟਰ ਦੀਆਂ ਇਹ ਗੱਲਾਂ ਸੁਣ ਕੇ ਜਵਾਨ ਸ਼ਰਮ ਨਾਲ ਪਾਣੀ ਣੀ ਹੋ ਰਿਹਾ ਸੀ ਅਤੇ ਸਿਰ ਨੀਵਾਂ ਕਰਕੇ ਸਭ ਕੁਝ ਸੁਣੀ ਜਾ ਰਿਹਾ ਸੀ । ਇਰੈਕਟਰ ਦੀ ਇਕ ਇਕ ਗੱਲ ਉਸ ਦੇ ਮਨ ਵਿਚ ਖੁਭਦੀ ਜਾ ਰਹੀ ਸੀ । ਖਰ ਉਸ ਨੇ ਹੌਸਲਾ ਕਰਕੇ ਕਿਹਾ :-

'ਸ਼੍ਰੀਮਾਨ ਜੀ ! ਮੈਨੂੰ ਮਾਫ ਕਰ ਦਿਓ । ਮੈਂ ਬਹੁਤ ਸ਼ਰਮਿੰਦਾ ਹਾਂ ।'

ਡਾਇਰੈਕਟਰ ਨੇ ਉਸ ਜਵਾਨ ਦੀ ਗੱਲ ਪੂਰੀ ਨਾ ਹੋਣ ਦਿਤੀ ਅ[illegible] ਵਿਚੋਂ ਹੀ ਟੋਕ ਕੇ ਕਿਹਾ ਜੇ ਤੂੰ ਸਚਮੁੱਚ ਸ਼ਰਮਿੰਦਾ ਏਂ ਤਾਂ ਜਾਹ ਅਤੇ ਜ[illegible] ਮੈਨੂੰ ਮੁੜ ਕੇ ਮਿਲੇਂ ਤਾਂ ਆਪਣੇ ਪਹਿਲੇ ਰੂਪ ਵਿਚ ਹੀ ਮਿਲੀਂ ।

ਅਗਲੇ ਸਾਲ ਸਰਦੀਆਂ ਵਿਚ ਕ੍ਰਿਸਮਿਸ ਦੇ ਮੌਕੇ ਉੱਤੇ ਜਦੋਂ ਸਾ[illegible] ਕਰਮਚਾਰੀ ਮੁੜ ਉਸ ਡਾਇਰੈਕਟਰ ਨੂੰ ਵਧਾਈ ਅਤੇ ਫੁੱਲ ਆਦਿ ਤੋਹਫੇ ਭੇ[illegible] ਕਰਨ ਗਏ ਤਾਂ ਉਹ ਸਿੱਖ ਜਵਾਨ ਸਿੱਖੀ ਰੂਪ ਵਿਚ ਉਨ੍ਹਾਂ ਵਿਚ ਸ਼ਾਮਲ ਸੀ ।

ਡਾਇਰੈਕਟਰ ਨੇ ਸਭ ਤੋਂ ਅੱਗੇ ਹੋ ਕੇ ਸਭ ਤੋਂ ਪਹਿਲਾਂ ਉਸ ਨਾਲ ਹੱ[illegible] ਮਿਲਾਇਆ ਅਤੇ ਪਿੱਠ ਥਾਪੜਾ ਦੇ ਕੇ ਆਖਿਆ ਮਿਸਟਰ ਸਿੰਘ ! ਮੈਂ ਤੇ[illegible] ਕੋਲੋਂ ਦੂਹਰੀ ਵਧਾਈ ਲੈਣੀ ਹੈ । ਐਤਕੀਂ ਦੀ ਵੀ ਤੇ ਪਿਛਲੇ ਸਾਲ ਦੀ ਵੀ[illegible] ਮੈਂ ਬਹੁਤ ਖੁਸ਼ ਹਾਂ ਕਿ ਤੂੰ ਆਪਣੇ ਧਰਮ ਵਿਚ ਮੁੜ ਪਕਾ ਹੋ ਗਿਆ ਹੈਂ ।

ਸਿੱਖ ਨੌਜਵਾਨ ਦੇ ਚਿਹਰੇ ਉਤੇ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਉ[illegible] ਦੀਆਂ ਅੱਖਾਂ ਵਿਚ ਖੁਸ਼ੀ ਦੇ ਅੱਥਰੂ ਸਨ ।

ਇਹੋ ਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ । ਜਿਨ੍ਹਾਂ ਤੋਂ ਪ[illegible] ਲਗਦਾ ਹੈ ਕਿ ਦੂਜੀਆਂ ਕੌਮਾਂ ਵਿਚ ਸਿੱਖਾਂ ਬਾਰੇ ਕਿਤਨੀ ਸ਼ਰਧਾ ਅ[illegible] ਕਿਤਨਾ ਸਤਿਕਾਰ ਹੈ ।

ਇਹ ਠੀਕ ਹੈ ਕਿ ਸਿੱਖ ਨੂੰ ਗੁਰੂ ਸਾਹਿਬ ਨੇ ਹਰ ਪਖ ਤੋਂ ਪੂਰਨ ਮਨੁੱ[illegible] (ਮੁਕੰਮਲ ਇਨਸਾਨ) ਬਣਾਇਆ ਸੀ ਪਰ ਪੂਰਨ ਮਨੁੱਖ ਬਣਨ ਲਈ ਸਭ[illegible] ਪਹਿਲਾਂ ਜ਼ਰੂਰੀ ਹੈ :-

1. ਅਸੀਂ ਕੇਸ-ਦਾਹੜੀ ਸਾਬਤ ਰੱਖੀਏ ।
2. ਸਿਗਰਟ-ਬੀੜੀ, ਜ਼ਰਦਾ, ਸ਼ਰਾਬ ਆਦਿ ਕੋਈ ਨਾ ਵਰਤੀਏ[illegible]
3. ਗੁਰੂ ਸਾਹਿਬ ਦੇ ਦਿਤੇ ਹੋਏ ਉਪਦੇਸ਼ ਜੋ ਬਾਣੀ ਵਿਚ ਲਿਖੇ ਹੋ[illegible] ਹਨ ਉਨ੍ਹਾਂ ਨੂੰ ਪੜ੍ਹੀਏ ਸੁਣੀਏ ਅਤੇ ਸਮਝ ਕੇ ਅਮਲ ਕਰੀਏ ਅ[illegible] ਬੇਇਤਬਾਰੀ ਵਾਲੀਆਂ ਗੱਲਾਂ ਨਾ ਕਰੀਏ ।

ਫਿਲਹਾਲ ਘਟੋ ਘਟ ਇਹ ਤਿੰਨ ਗੱਲਾਂ ਕਰਨ ਤੋਂ ਹੀ ਪਤਾ ਲਗਦਾ[illegible] ਕਿ ਸਾਨੂੰ ਸਿੱਖਾਂ ਨੂੰ ਆਪਣੇ ਗੁਰੂ ਸਾਹਿਬ ਉਤੇ ਪੂਰਨ ਭਰੋਸਾ ਹੈ ।



ਬਾਕੀ ਗੱਲਾਂ, ਉੱਚਾ ਆਚਰਣ, ਨੇਕ ਕਿਰਤ, ਸੱਚਾ ਤੇ ਸੁੱਚਾ ਵਰਤੋਂ-ਵਿਹਾਰ, ਦਇਆ ਕਰਨੀ, ਪਰਉਪਕਾਰ ਤੇ ਸੇਵਾ ਆਦਿ ਅਨੇਕਾਂ ਐਸੇ ਗੁੱਣ ਹਨ ਜਿਨ੍ਹਾਂ ਨੂੰ ਅਸੀਂ ਆਪਣੇ ਆਪਣੇ ਜੀਵਨ ਵਿਚ ਧਾਰਨ ਕਰਨਾ ਹੈ ।

ਇਸ ਤਰ੍ਹਾਂ ਕਰਨਾ ਗੁਰੂ ਸਾਹਿਬ ਦੇ ਹੁਕਮਾਂ ਨੂੰ ਮੰਨਣਾ ਹੈ ਅਤੇ ਹੁਕਮ ਮੰਨਣ ਵਾਲੇ ਬਾਰੇ ਗੁਰੂ ਸਾਹਿਬ ਇਸ ਤਰ੍ਹਾਂ ਲਿਖ ਗਏ ਹਨ :

*ਹੁਕਮਿ ਮੰਨਿਐ ਹੋਵੈ ਪਰਵਾਣੁ,*
*ਤਾ ਖਸਮੈ ਕਾ ਮਹਲੁ ਪਾਇਸੀ ॥*
*ਖਸਮੈ ਭਾਵੈ ਸੋ ਕਰੈ,*
*ਮਨਹੁ ਚਿੰਦਿਆ ਸੋ ਫਲੁ ਪਾਇਸੀ ॥*
*ਤਾ ਦਰਗਹ ਪੈਧਾ ਜਾਇਸੀ ।*

(ਆਸਾ ਕੀ ਵਾਰ)

# ਸਿਰ ਉੱਚਾ ਸਿਰ ਨੀਵਾਂ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹਜ਼ਾਰਾਂ ਯਾਤਰੂ ਦਰਸ਼ਨਾਂ ਲਈ ਆਉਂਦੇ। ਪੱਛਮੀ ਦੇਸ਼ਾਂ ਤੋਂ ਵੀ ਆਏ ਯਾਤਰੂ ਉਦੋਂ ਤਕ ਆਪਣੀ ਭਾਰਤ ਯਾਤਰਾ ਅਧੂਰੀ ਸਮਝਦੇ ਜਦ ਤਕ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਨਾ ਕਰ ਲੈਂਦੇ । ਸ੍ਰੀ ਹਰਿਮੰਦਰ ਸਾਹਿਬ ਦੇ ਪਵਿੱਤਰ ਤੇ ਸੁਗੰਧਤ ਵਾਤਾਵਰਣ ਵਿਚ, ਜਿਥੇ ਚੌਵੀ ਘੰਟੇ ਮਿਠੇ ਮਿਠੇ ਕੀਰਤਨ ਦੀ ਧੁਨੀ ਮਨ ਨੂੰ ਧੂਹ ਪਾਉਂਦੀ ਰਹਿੰਦੀ, ਸਮਝ ਨਾ ਆਉਣ ਤੇ ਵੀ ਉਹਨਾਂ ਦੇ ਮਨ ਨੂੰ ਇਕ ਅਜੀਬ ਜਿਹੀ ਸ਼ਾਂਤੀ ਮਿਲਦੀ । ਖਾਸ ਕਰ ਜਦੋਂ ਗਾਈਡ ਉਹਨਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਚਾਰਾਂ ਦਿਸ਼ਾਵਾਂ ਤੇ ਰੱਖੇ ਚਾਰਾਂ ਦਰਵਾਜ਼ਿਆਂ, ਜੋ ਹਰ ਮਜ਼੍ਹਬ, ਹਰ ਵਰਣ ਲਈ ਖੁਲ੍ਹੇ ਹਨ ਤੇ ਸਾਂਝੇ ਲੰਗਰ ਦੀ ਮਹੱਤਤਾ ਦਸਦਾ ਜਿਥੇ ਰਾਜਾ ਪਰਜਾ ਇਕੋ

ਪੰਗਤ ਵਿਚ ਬੈਠ ਕੇ ਲੰਗਰ ਛਕਦੇ ਤਾਂ ਉਹ ਹੋਰ ਵੀ ਪ੍ਰਭਾਵਿਤ ਹੁੰਦੇ ।

ਅੱਜ ਵੀ ਕਈ ਅੰਗਰੇਜ਼ ਯਾਤਰੂ ਸ੍ਰੀ ਹਰਿਮੰਦਰ ਸਾਹਿਬ ਆਏ ਹੋਏ ਸਨ ਤੇ ਦਰਸ਼ਨ ਕਰਕੇ ਤਨ ਮਨ ਠੰਡਾ ਕਰ ਰਹੇ ਸਨ । ਉਹਨਾਂ ਨਾਲ ਗਾਈਡ ਫਿਰ ਰਿਹਾ ਸੀ । ਉਹਨਾਂ ਦੇ ਦਿਲ ਵਿਚ ਬਦੋ ਬਦੀ ਸ਼ਰਧਾ ਦੇ ਭਾਵ ਜਾਗ ਰਹੇ ਸਨ ।

'ਸਿੱਖ ਆਜਾਇਬ ਘਰ' ਵਿਚ ਉਹ ਪਾਰਟੀ ਜਾ ਪੁਜੀ । ਕਿਤੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਕਿਤੇ ਗੁਰੂ ਤੇਗ ਬਹਾਦਰ ਜੀ ਧਾਰਮਿਕ ਆਜ਼ਾਦੀ ਲਈ ਸੀਸ ਦੇ ਰਹੇ ਹਨ, ਕਿਤੇ ਗੋਬਿੰਦ ਸਿੰਘ ਜੀ ਮਹਾਰਾਜ ਤਖਤੋ-ਤਾਜ ਘਰ ਬਾਰ, ਪਰਵਾਰ, ਸਭ ਦੇਸ਼ ਕੌਮ ਲਈ ਵਾਰ ਇੱਟ ਦਾ ਸਰਾਹਣਾ ਲਈ ਮਾਛੀਵਾੜੇ ਦੇ ਜੰਗਲਾਂ ਵਿਚ ਸੂਲਾਂ ਦੀ ਸੇਜ ਤੇ ਸੁੱਤੇ ਅਕਾਲ ਪੁਰਖ ਦਾ ਸ਼ੁਕਰ ਗੁਜ਼ਾਰਦੇ, 'ਜੂਝ ਮਰਉਂ ਰਣ ਮੈਂ ਤਜ ਭੈਂ ਦੀ ਬੀਰ ਰਸੀ ਧੁੰਨ ਗੁਣਗੁਣਾ ਰਹੇ ਹਨ, ਕਿਤੇ ਭਾਈ ਮਤੀ ਦਾਸ ਦੇ ਸਿਰ ਤੇ ਆਰਾ ਚਲ ਰਿਹਾ ਹੈ, ਕਿਤੇ ਮਸੂਮ ਨੀਹਾਂ ਵਿਚ ਚਿਣੇ ਜਾ ਰਹੇ ਹਨ, ਕਿਤੇ ਸਿੰਘ ਜੰਗ ਵਿਚ ਲੜ ਸ਼ਹੀਦੀਆਂ ਪ੍ਰਾਪਤ ਕਰ ਰਹੇ ਹਨ, ਕਿਤੇ ਜ਼ਕਰੀਆ ਖਾਨ ਦੇ ਦਿਲ ਕੰਬਾਊ ਜ਼ੁਲਮ, ਕਿਤੇ ਨੇਜ਼ਿਆਂ ਵਿਚ ਪਰੁੱਤੇ, ਕਿਤੇ ਮਾਵਾਂ ਦੇ ਗਲ ਆਪਣੇ ਹੀ ਬੱਚਿਆਂ ਦੇ ਟੁਕੜਿਆਂ ਦੇ ਹਾਰ, ਕਿਤੇ ਅੰਗਰੇਜ਼ ਦੇ ਹੁਕਮ ਨਾਲ ਗੱਡੀ ਨਾ ਰੁਕਣੀ ਤੇ ਫਿਰ ਛਾਤੀਆਂ ਡਾਹ ਕੇ ਗੱਡੀ ਰੋਕਣੀ, ਕਿਤੇ ਨਨਕਾਣਾ ਸਾਹਿਬ ਦਾ ਸਾਕਾ, ਸਿੰਘ ਜਿਊਂਦੇ ਸਾੜੇ ਜਾਣੇ ਤੇ ਕਿਤੇ ਜੈਤੋ ਦਾ ਮੋਰਚਾ-ਘੋੜਿਆਂ ਹੇਠ ਲਿਤੜਦੇ ਸਿੱਖ, ਡਾਂਗਾਂ ਖਾਂਦੇ ਸਿੱਖ.......ਇਕ ਇਕ ਤਸਵੀਰ ਜਿਵੇਂ ਇਤਿਹਾਸ ਦੇ ਖੂਨੀ ਪਤਰੇ ਫੋਲਦੀ ਜਾ ਰਹੀ ਹੋਵੇ ।'

ਹੈਰਾਨੀ ਦੀਆਂ ਮੂਰਤਾਂ ਬਣੇ ਸਭ ਅੰਗਰੇਜ਼ ਯਾਤਰੂ ਅੱਖਾਂ ਟੱਡੀ ਦੇਖ ਰਹੇ ਸਨ । ਇੰਨੀ ਛੋਟੀ ਕੌਮ ਫਿਰ ਇੰਨੀ ਬਹਾਦਰ ! ਕੁਰਬਾਨੀ ਦਾ ਇਤਨਾ ਜਜ਼ਬਾ ! ਇਤਨੀਆਂ ਸ਼ਹੀਦੀਆਂ ਦੇਸ਼ ਲਈ, ਕੌਮ ਲਈ, ਇਕ ਪਾਸੇ ਤਾਂ ਪੰਜ ਸਾਲ ਦਾ ਮਸੂਮ ਸ਼ਹੀਦ ਸਹਿਬਜ਼ਾਦਾ ਫਤਹਿ ਸਿੰਘ ਤੇ ਇਕ ਪਾਸੇ 75 ਸਾਲਾਂ ਦਾ ਬਜ਼ੁਰਗ ਸ਼ਹੀਦ ਬਾਬਾ ਦੀਪ ਸਿੰਘ ! ਬੱਚੇ, ਜਵਾਨ, ਬੁੱਢੇ, ਔਰਤਾਂ ਸਭ ਸ਼ਹੀਦ ! ਉਹ ਸੁੰਨ ਹੋਏ ਇਸ ਕੌਮ ਦੀਆਂ ਬੇਮਿਸਾਲ ਕੁਰਬਾਨੀਆਂ ਬਾਰੇ



ਸੋਚ ਰਹੇ ਸਨ ਕਿ ਇਕ ਨਜ਼ਾਰਾ ਸਾਹਮਣੇ ਆਇਆ ।

ਇਕ ਤਸਵੀਰ-ਸੁਹਣਾ ਸੁਣੱਖਾ ਗੱਭਰੂ, ਜਿਸ ਦੇ ਸਿਰ ਦਾ ਖੋਪਰ ਰੰਬੀਆਂ ਨਾਲ ਉਤਾਰਿਆ ਜਾ ਰਿਹਾ ਹੈ, ਲਹੂ ਦੀਆਂ ਧਾਰਾਂ ਅੱਖਾਂ, ਮੂੰਹ ਉੱਤੋਂ ਦੀ ਹੁੰਦੀਆਂ ਉਸ ਦੇ ਬਾਕੀ ਸਰੀਰ ਉੱਤੇ ਗਿਰ ਰਹੀਆਂ ਹਨ, ਇਕ ਵਾਰੀ ਤਾਂ ਉਹ ਅੰਗਰੇਜ਼ ਕੰਬ ਉੱਠੇ ।

ਹੈਂ ! ਸਮੇਂ ਦੀ ਹਕੂਮਤ ਦਾ ਇੰਨਾ ਜ਼ੁਲਮ ਤੇ ਇੰਨਾ ਸਬਰ ! ਉਹਨਾਂ ਗਾਈਡ ਤੋਂ ਹੋਰਨਾਂ ਸ਼ਹੀਦੀਆਂ ਵਾਂਗ ਇਸ ਸ਼ਹੀਦੀ ਦਾ ਕਾਰਨ ਵੀ ਪੁਛਿਆ ਤਾਂ ਪਤਾ ਲੱਗਾ ਕਿ ਇਹ ਹਨ ਸਿੱਖ ਕੌਮ ਦੇ ਅਮਰ ਸ਼ਹੀਦ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਨੂੰ ਕੇਸ ਕਤਲ ਕਰਾਉਣ ਬਦਲੇ ਬੇਗਮਾਂ, ਹੂਰਾਂ ਦੇ ਲਾਲਚ ਦਿਤੇ ਗਏ, ਤਖਤੋ-ਤਾਜ ਦੀ ਪੇਸ਼ਕਸ਼ ਕੀਤੀ ਗਈ, ਇਕ ਵਾਰੀ ਸਿੱਖ ਧਰਮ ਛੱਡ ਕੇ ਦੀਨ ਕਬੂਲ ਕਰ ਲਵੋ ਤੇ ਕੇਸ ਕਤਲ ਕਰਾ ਦਿਉ । ਪਰ ਭਾਈ ਸਾਹਿਬ ਨੇ ਇਹ ਸਭ ਕੁਝ ਜੁੱਤੀ ਦੀ ਠੋਕਰ ਨਾਲ ਠੁਕਰਾ ਦਿੱਤਾ ਤੇ ਦੂਜਾ ਰਸਤਾ ਅਖਤਿਆਰ ਕੀਤਾ ਅਰਥਾਤ ਕੇਸ ਨਹੀਂ ਕਤਲ ਕਰਾਏ, ਸਿਰ ਦਾ ਖੋਪਰ ਉਤਰਵਾ ਲਿਆ ।

ਅੰਗਰੇਜ਼ ਯਾਤਰੀ ਹੋਰ ਵੀ ਹੈਰਾਨ ਹੋਏ ਕਿ ਸਿਰਫ ਕੇਸਾਂ ਪਿਛੇ ਇਤਨੀ ਵੱਡੀ ਕੁਰਬਾਨੀ । 'ਕੇਸ' ਕਿਸੇ ਦੇ ਧਰਮ ਵਿਚ ਇੰਨੀ ਵੱਡੀ ਮਹੱਤਤਾ ਰੱਖਦੇ ਹੋਣਗੇ, ਉਹਨਾਂ ਕਦੇ ਸੋਚਿਆ ਤਕ ਨਹੀਂ ਸੀ । ਆਪਣੇ ਆਪ ਉਹਨਾਂ ਨੇ ਸਿਰ ਝੁਕਾਇਆ, ਉਹਨਾਂ ਮਹਾਨ ਸ਼ਹੀਦਾਂ ਨੂੰ, ਉਸ ਨੌਜਵਾਨ ਸ਼ਹੀਦ ਭਾਈ ਤਾਰੂ ਸਿੰਘ ਦੇ ਪਵਿੱਤਰ ਕੇਸਾਂ ਨੂੰ ਗਾਈਡ ਦਾ ਸਿਰ ਮਾਣ ਨਾਲ ਉੱਚਾ ਸੀ ।

ਗਾਈਡ ਅਗਲੀ ਤਸਵੀਰ ਬਾਰੇ ਕੁਝ ਦੱਸਣ ਲਈ ਅੱਗੇ ਵਧਿਆ ਹੀ ਸੀ ਕਿ ਅਚਾਨਕ ਇਕ ਸਿੱਖ ਨੌਜਵਾਨ ਅੰਦਰ ਦਾਖਲ ਹੋਇਆ । ਸਿਰ ਤੇ ਛੋਟੀ ਪੱਗ ਪਰ ਦਾਹੜੀ ਕੱਟੀ ਹੋਈ । ਭਾਈ ਤਾਰੂ ਸਿੰਘ ਦੀ ਸ਼ਹੀਦੀ ਵਾਲੀ ਤਸਵੀਰ ਦੇ ਅੱਗੇ ਆ ਖੜ੍ਹਿਆ । ਅੰਗਰੇਜ਼ ਯਾਤਰੂ ਕਦੀ ਭਾਈ ਤਾਰੂ ਸਿੰਘ ਦੀ ਕੇਸਾਂ ਬਦਲੇ ਖੋਪਰ ਲਹਿੰਦਿਆਂ ਵਾਲੀ ਤਸਵੀਰ ਦੇਖਦੇ ਤੇ ਕਦੀ ਹੈਰਾਨੀ ਭਰੇ ਚਿਹਰੇ ਤੇ ਪ੍ਰਸ਼ਨ ਸੂਚਕ ਅੱਖਾਂ ਨਾਲ ਗਾਈਡ ਵੱਲ । ਗਾਈਡ ਦਾ ਸਿਰ ਨੀਵਾਂ ਸੀ ।

# ਅਹਿਸਾਸ

ਬੀਬੀ ਨਰਿੰਦਰ ਕੌਰ ਵਾਸਤੇ ਸਾਰੀ ਜ਼ਿੰਦਗੀ ਵਿਚ ਇਹ ਸਭ ਤੋਂ ਵਧ ਸੋਗ ਦਾ ਦਿ... ਸੀ। ਜਦੋਂ ਉਸਦੇ ਦਿਲ ਤੋਂ ਗਮ ਦਾ ਉਬਾਲ ਉੱਠਦਾ ਤਾਂ ਉਸ ਦੀਆਂ ਅੱਖਾਂ ਵਿਚੋਂ ਤ੍ਰਿ... ਤ੍ਰਿਪ ਹੰਝੂ ਕਿਰਨ ਲਗ ਪੈਂਦੇ। ਸਾਰਾ ਦਿਨ ਰੋਂਦੀ ਦੀਆਂ ਅੱਖਾਂ ਸੁੱਜ ਗਈਆਂ। ਉ... ਮੁਰਦਿਆਂ ਵਾਂਗ ਫਰਸ਼ ਤੇ ਢਠੀ ਪਈ ਰਹੀ। ਜਦੋਂ ਵੀ ਉੱਠ ਕੇ ਫਿਰਨ ਤੁਰਨ ਦਾ ਹੀ... ਕਰਦੀ ਤਾਂ ਉਸ ਨੂੰ ਐਸੀ ਘਮੇਰ ਪੈਂਦੀ ਕਿ ਉਹ ਫਰਸ਼ ਤੇ ਡਿਗ ਪੈਂਦੀ।

ਆਪਣੇ ਮਾਮੇ ਦੀ ਇੰਗਲੈਂਡ ਤੋਂ ਆਈ ਚਿੱਠੀ ਪੜ੍ਹਦੇ ਸਾਰ ਨਰਿੰਦਰ ਕੌਰ ਦਾ ਰੰ... ਪੀਲਾ ਫਿਰ ਗਿਆ। ਉਹ ਕਾਲਜ ਨਾ ਠਹਿਰ ਸਕੀ। ਹਉਕੇ ਭਰਦੀ ਹੋਸਟਲ ਵਿਚ ਆਪ... ਕਮਰੇ ਆ ਵੜੀ। ਬੂਹੇ ਦੀ ਚਿਟਕਣੀ ਅੰਦਰੋਂ ਬੰਦ ਕਰਦਿਆਂ ਫਰਸ਼ ਤੇ ਡਿਗ ਪਈ, ਕਾ... ਦੇਰ ਫਰਸ਼ ਤੇ ਹੀ ਢਠੀ ਪਈ ਰਹੀ ਅਤੇ ਚਿੱਠੀ ਨੂੰ ਪੜ੍ਹ ਪੜ੍ਹ ਕੇ ਰੋਂਦੀ ਰਹੀ। ਉਸ ਦਿ... ਉਸ ਨੂੰ ਖਾਣ ਪੀਣ ਦੀ ਵੀ ਸੁਧ ਨਾ ਰਹੀ। ਉਸ ਦੀਆਂ ਸਹੇਲੀਆਂ ਨੇ ਕਈ ਵੇਰ ਉਸ ... ਬੂਹਾ ਖੜਕਾਇਆ ਪਰ ਨਰਿੰਦਰ ਕੌਰ ਅੰਦਰੋਂ ਬਿਲਕੁਲ ਨਾ ਕੁਸਕੀ। ਗਮ ਵਿਚ ਗੜੂੰ... ਉਹ ਹਉਕੇ ਭਰਦੀ ਰਹੀ। ਰਾਤ ਪੈ ਗਈ ਪਰ ਉਸਨੂੰ ਨੀਂਦ ਨਾ ਪਈ। ਬਰਸਾਤ ਦੇ ਬਦਲ... ਵਾਂਗ ਉਸਦੇ ਦਿਲ ਤੋਂ ਅਜੀਬ ਖਿਆਲ ਬਣ ਬਣ ਉੱਠਣ ਅਤੇ ਜਦੋਂ ਗਮ ਦਾ ਭਾਰ ਵਧੇ... ਵਧ ਜਾਏ ਤਾਂ ਉਸ ਦੀਆਂ ਅੱਖਾਂ ਵਿਚੋਂ ਪਰਲ ਪਰਲ ਪਾਣੀ ਵਗ ਤੁਰੇ। ਇਸ ਦਸ਼ਾ ਵਿ... ਰਾਤ ਦੇ ਬਾਰਾਂ ਵੱਜ ਗਏ। ਕੁਝ ਦੇਰ ਬਾਅਦ ਘੜੀ ਨੇ ਇਕ ਟਨ ਵਜਾਈ ਅਤੇ ਫਿਰ ਕੁ... ਸਮੇਂ ਬਾਅਦ ਇਕ ਟਨ ਦੀ ਹੋਰ ਆਵਾਜ਼ ਆਈ। ਰਾਤ ਦੇ ਦੋ ਵੱਜ ਚੁਕੇ ਸਨ। ਚਾਰੇ ਪਾ... ਚੁਪ ਛਾਈ ਹੋਈ ਸੀ। ਰਾਤ ਹਨੇਰੀ ਸੀ ਪਰ ਹੋਸਟਲ ਦੇ ਬਰਾਂਡਿਆਂ ਅਤੇ ਸੜਕਾਂ ਦੀਆਂ... ਬੱਤੀਆਂ ਟਿਮਟਿਮਾ ਰਹੀਆਂ ਸਨ। ਨਰਿੰਦਰ ਕੌਰ ਦੇ ਹਿਰਦੇ ਦੀ ਬੱਤੀ ਕਦੇ ਬਿਲਕੁਲ ਥੱ... ਜਾ ਡਿਗਦੀ ਅਤੇ ਕਦੇ ਕਦਾਈਂ ਉੱਤੇ ਉੱਠ ਪੈਂਦੀ। ਉਸ ਨੇ ਹੌਸਲਾ ਕਰਕੇ ਪੈੱਨ ਅਤੇ ਪੈ... ਮੇਜ਼ ਉੱਤੋਂ ਚੁਕਿਆ ਅਤੇ ਇਉਂ ਲਿਖਣਾ ਅਰੰਭ ਕਰ ਦਿੱਤਾ –

ਮੇਰੀ ਮਾਂ ਜਾਏ ਵੀਰ,

ਅੱਜ ਮਾਮਾ ਜੀ ਦੀ ਬਰਮਿੰਘਮ ਤੋਂ ਚਿਠੀ ਆਈ, ਜਿਸ ਦੇ ਪੜ੍ਹਦੇ ਸਾਰ ਹੀ ਮੇਰੇ ਦਿ... ਵਿਚ ਡੋਬ ਪੈਣ ਲਗ ਪਏ। ਮੈਂ ਕਾਲਜ ਨਾ ਠਹਿਰ ਸਕੀ ਅਤੇ ਗਮ ਦੀ ਮਾਰੀ ਹੋਸਟ... ਆਪਣੇ ਕਮਰੇ ਵਿਚ ਆਣ ਢਠੀ। ਸਾਰਾ ਦਿਨ ਚਿਠੀ ਪੜ੍ਹ ਪੜ੍ਹ ਰੋਂਦੀ ਰਹੀ। ਹਉ... ਭਰਦੀ ਤੇਰੀ ਸ਼ਕਲ ਨੂੰ ਯਾਦ ਕਰਦੀ ਰਹੀ। ਖਾਣਾ ਪੀਣਾ ਸਭ ਭੁੱਲ ਗਈ। ਸ਼ੁਦੈਣਾ ਵਾਂ... ਫਰਸ਼ ਤੇ ਹੀ ਲੇਟੀ ਰਹੀ ਹਾਂ। ਹੁਣ ਰਾਤ ਦੇ ਦੋ ਵੱਜ ਚੁੱਕੇ ਹਨ। ਆਪਣੇ ਦਿਲ ਤੇ ਪਏ ਗ... ਦਾ ਭਾਰ ਹੌਲਾ ਕਰਨ ਲਈ ਤੇਰੇ ਵੱਲ ਇਹ ਸਤਰਾਂ ਲਿਖ ਰਹੀ ਹਾਂ।

ਵੇ ਵੀਰਾ! ਤੂੰ ਪਰਾਏ ਦੇਸ਼ ਜਾ ਕੇ ਸਾਨੂੰ ਸਭ ਨੂੰ ਭੁਲਾ **ਬੈਠਾਂ**? ਕੀ ਤੈਨੂੰ ਬਾਪੂ ਜੀ ...



...ਤਾ ਜੀ ਦੀ ਨਸੀਹਤ ਯਾਦ ਨਾ ਰਹੀ? ਕੀ ਤੈਨੂੰ ਆਪਣੇ ਕੀਤੇ ਬਚਨਾਂ ਦਾ ਚੇਤਾ ਨਾ ...ਹਾ? ਕੀ ਤੈਨੂੰ ਆਪਣੇ ਬਜ਼ੁਰਗਾਂ ਦਾ ਅਹਿਸਾਸ ਨਾ ਰਿਹਾ? ਤੈਨੂੰ ਸਿੱਖੀ ਖਾਤਰ ਮਰ ...ਟਣ ਵਾਲੇ ਸ਼ਹੀਦਾਂ, ਮਾਤਾਵਾਂ, ਭੈਣਾਂ ਤੇ ਵੀਰਾਂ ਦੀਆਂ ਕੁਰਬਾਨੀਆਂ ਯਾਦ ਨਾ ...ਈਆਂ? ਤੇਰੀ ਮੱਤ ਨੂੰ ਕੀ ਵਾ ਵਗ ਪਈ ਕਿ ਤੈਂ ਸਿੱਖੀ ਸਰੂਪ ਨੂੰ ਤਲਾਂਜਲੀ ਦੇ ਦਿੱਤੀ ...ਤੇ ਸਿਰ ਮੂੰਹ ਮੁਨਾ ਕੇ ਅਨਮਤੀਆਂ ਵਿਚ ਜਾ ਰਲਿਆ? ਕਿਹੜੇ ਦੁੱਖੋਂ ਤੂੰ ਗੁਰੂ ਨੂੰ ਪਿਠ ...ਖਾ ਬੈਠਾ? **ਕਿਹੜੇ** ਲਾਲਚ ਵਿਚ ਫਸਕੇ ਤੈਂ ਸਿੱਖੀ ਸਰੂਪ ਵਿਸਾਰ ਦਿਤਾ? ਤੈਨੂੰ ਕਿਸ ...ਲ ਦੀ ਥੁੜ ਪੈ ਗਈ ਕਿ ਤੂੰ ਗੁਰੂ ਨੂੰ ਬੇਦਾਵਾ ਦੇ ਗਿਆ? ਜ਼ਰਾ ਦੱਸ ਤੇ ਸਹੀ।

ਤੈਨੂੰ ਸਿਰ ਮੂੰਹ ਮੁਨਾਉਂਦੇ ਨੂੰ ਸ਼ਰਮ ਨਾ ਆਈ? ਕੀ ਤੂੰ ਏਨਾ ਬੇਹਯਾ ਹੋ ਗਿਆ ਕਿ ...ਆਪਣੇ ਪਿਓ ਦੀ ਚਿੱਟੀ ਦਾੜ੍ਹੀ ਦੀ ਲਾਜ ਨਾ ਰੱਖੀ? ਤੇਰਾ ਪਿਓ ਤਾਂ ਲੋਕਾਂ ਨੂੰ ਗੁਰਮਤਿ ...ਹਿਣ ਕਰਨ ਲਈ ਪ੍ਰਚਾਰ ਕਰੇ ਅਤੇ ਤੂੰ ਪੁੱਤਰ ਹੋ ਕੇ ਸਿੱਖੀ ਨੂੰ ਛੱਡਕੇ ਅਨਮਤੀਆਂ ਵਿਚ ...ਰਲੇਂ? ਕਿੰਨੀ ਸ਼ਰਮ ਦੀ ਗੱਲ ਹੈ?

ਤੈਨੂੰ ਰੱਬ ਵਲੋਂ ਬਖਸ਼ੀ ਸਾਬਤ ਸੂਰਤ ਨੂੰ ਭੰਨਣ ਤੋੜਨ ਲੱਗਿਆਂ ਕੋਈ ਸ਼ਰਮ ਨਾ ...ਈ? 'ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।' ਕੀ ਤੂੰ ਆਪਣੀ ਸ਼ਕਲ ਵਿਗਾੜਕੇ ...ਈਮਾਨ ਨਹੀਂ ਬਣ ਗਿਆ? ਕੀ ਬੇਈਮਾਨ ਦਾ ਕੋਈ ਇਤਬਾਰ ਕਰ ਸਕਦਾ ਹੈ? ਲੋਕੀ ...ਨੇਕ ਬਣਨ ਦੇ ਉਪਰਾਲੇ ਕਰਦੇ ਹਨ ਪਰ ਤੈਂ ਬੇਈਮਾਨ ਬਣਨਾ ਪਸੰਦ ਕੀਤਾ। ਮੈਂ ...ਚਦੀ ਹਾਂ ਕਿ ਤੈਨੂੰ ਕੀ ਹੋ ਗਿਆ? ਤੇਰੀ ਮਤ ਤੇ ਕੀ ਪੜਦਾ ਪੈ ਗਿਆ। ਐਸੀ ਕਿਹੜੀ ...ਪਤਾ ਵਿਚ ਫਸ ਗਿਆ ਹੈਂ ਜਿਸ ਕਾਰਨ ਤੈਨੂੰ ਇਹ ਬਜਰ ਪਾਪ ਕਰਨਾ ਪਿਆ? ਕੀ ...ਹ ਕੁਕਰਮ ਕਰਕੇ ਤੇਰੀ ਗੁਰੂ ਘਰੋਂ ਮੌਤ ਨਹੀਂ ਹੋ ਗਈ? ਕੀ ਤੂੰ ਪਤਿਤ ਹੋ ਕੇ ਹੁਣ ਸਾਡੇ ...ਚ ਰਲਕੇ ਬਹਿ ਸਕੇਂਗਾ? ਜਦੋਂ ਤੇਰੀ ਕਰਤੂਤ ਦਾ ਬਾਪੂ ਜੀ ਅਤੇ ਬੇਬੇ ਜੀ ਨੂੰ ਪਤਾ ...ਗੇਗਾ ਤਾਂ ਉਨ੍ਹਾਂ ਤੇ ਕੀ ਬੀਤੇਗੀ? ਕੀ ਤੂੰ ਪੁੱਤ ਹੋ ਕੇ ਉਨ੍ਹਾਂ ਦੀ ਜਾਨ ਦਾ ਵੈਰੀ ਬਣ ...ਆ ਹੈਂ? ਕੀ ਉਨ੍ਹਾਂ ਨੇ ਤੈਨੂੰ ਇਸੇ ਹੀ ਕਰਕੇ ਪਾਲਿਆ ਕਿ ਵੱਡਾ ਹੋ ਕੇ ਉਨ੍ਹਾਂ ਦੇ ਲਈ ...ਖ ਖੜਾ ਕਰੇਂ ਅਤੇ ਬੁੱਢੇ ਵਾਰੇ ਉਨ੍ਹਾਂ ਦੀ ਪੱਤ ਰੋਲੇਂ? ਵੀਰਿਆ! ਤੈਨੂੰ ਇਹ ਕਰਤੂਤ ...ਦਿਆਂ ਕਿਸੇ ਦਾ ਡਰ ਭਉ ਨਾ ਰਿਹਾ? ਤੈਨੂੰ ਆਪਣਾ ਕਲਗੀਆਂ ਵਾਲਾ ਸਤਿਗੁਰੂ ...ਨਾ ਆਇਆ? ਉਨ੍ਹਾਂ ਦੇ ਛੋਟੇ ਸਾਹਿਬਜ਼ਾਦੇ ਸਿੱਖੀ ਖਾਤਰ ਨੀਹਾਂ ਵਿਚ ਚਿਣੇ ਜਾਂਦੇ ...ਨੁਭਵ ਨਾ ਹੋਏ? ਭਾਈ ਤਾਰੂ ਸਿੰਘ ਦੇ ਖੋਪਰੀ ਲੁਹਾਣ, ਭਾਈ ਮਨੀ ਸਿੰਘ ਦੇ ਬੰਦ ਬੰਦ ...ਵਾਣ, ਭਾਈ ਮਤੀ ਦਾਸ ਦਾ ਆਰੇ ਨਾਲ ਚੀਰੇ ਜਾਣਾ, ਭਾਈ ਸੁਬੇਗ ਸਿੰਘ ਤੇ ਭਾਈ ...ਹਬਾਜ਼ ਸਿੰਘ ਦਾ ਚਰਖੜੀਆਂ ਤੇ ਚੜ੍ਹਾਏ ਜਾਣਾ, ਭਾਈ ਦਿਆਲੇ ਦਾ ਦੇਗ ਵਿਚ ਉਬਾਲੇ ...ਟਾ, ਮੀਰ ਮਨੂੰ ਦੀ ਜੇਲ੍ਹ ਵਿਚ ਮਾਤਾਵਾਂ ਭੈਣਾਂ ਵਲੋਂ ਸਵਾ ਸਵਾ ਮਣ ਪੀਸਣ ਪੀਸਣੇ, ...ਪਣੇ ਬੱਚਿਆਂ ਦੇ ਟੋਟੇ ਟੋਟੇ ਕਰਵਾ, ਝੋਲੀਆਂ ਵਿਚ ਪਵਾ ਕੇ ਅਤੇ ਉਨ੍ਹਾਂ ਦੀਆਂ ਆਂਦਰਾਂ ...ਹਾਰ ਗਲਾਂ ਵਿਚ ਪਵਾਉਣ ਦੀਆਂ ਹਿਰਦੇ ਵੇਧਕ ਸਾਖੀਆਂ ਦੀ ਤੈਨੂੰ ਕੋਈ ਸਾਰ ਨਾ ...ਈ? ਸਿੱਖੀ ਨੂੰ ਕਾਇਮ ਰੱਖਣ ਵਾਸਤੇ ਸਾਡੇ ਬਜ਼ੁਰਗਾਂ ਨੇ ਅਸਹਿ ਤੇ ਅਕਹਿ ਕਸ਼ਟ ...ਰੇ, ਘਰੋਂ ਬੇ-ਘਰ ਹੋਏ, ਜੰਗਲਾਂ ਵਿਚ ਰੁਲੇ, ਜੰਗਾਂ ਯੁੱਧਾਂ ਵਿਚ ਭੁੱਖੇ ਤਿਹਾਏ ਵੈਰੀ ਨਾਲ ...ਲੈਂਦੇ ਰਹੇ, ਕਿਸੇ ਦੀ ਈਨ ਨਹੀਂ ਮੰਨੀ, ਧਰਮ ਤੋਂ ਨਾ ਡੋਲੇ। ਸਿੱਖੀ ਸਿਦਕ ਕੇਸਾਂ ਸੁਆਸਾਂ

ਸੰਗ ਨਿਭਾਹਿਆ ਪਰ ਤੂੰ ਸਿੱਖਾਂ ਦੇ ਘਰ ਜਨਮ ਲੈ ਕੇ ਇਹ ਕੀ ਕਲੰਕ ਲਗਾ ਬੈਠਾ ? ਗੁਰੂ ਤੋਂ ਵੀ ਗਿਆ ਤੇ ਸਾਥੋਂ ਵੀ । ਲੋਕੀਂ ਤੇ ਮੋਇਆਂ ਦੇ ਕੀਰਨੇ ਪਾਉਂਦੇ ਹਨ ਪਰ ਅ... ਤੈਨੂੰ ਸਿਰਮੁੰਨੇ ਨੂੰ ਜਿਉਂਦੇ ਹੀ ਮੋਇਆ ਸਮਝ ਲਿਆ ਹੈ । ਤੈਨੂੰ ਰੋ ਲਿਆ ਹੈ ਸਾਰਾ ... ਅੱਧੀ ਰਾਤ ਤਕ ਬਹੁਤੇਰੇ ਹੰਝੂ ਵਗਾ ਲਏ ਹਨ । ਮਾਮਾ ਜੀ ਦਾ ਇਹ ਖਤ ਸਾਡੇ ਵਾ... ਬਾਪੂ ਜੀ ਦੇ ਘਰ ਤੇਰੀ ਮੌਤ ਦਾ ਸੁਨੇਹਾ ਹੈ । ਜੇ ਤੂੰ ਗੁਰੂ ਦਾ ਨਹੀਂ ਰਿਹਾ ਤਾਂ ਸਾਡਾ ... ਲਗਦਾ ਹੈਂ ? ਯਾਦ ਰੱਖੀਂ ! ਤੈਂ ਇਹ ਕਰਤੂਤ ਕਰਕੇ ਆਪਣੀ ਮਾਂ ਦੀ ਕੁੱਖ ਨੂੰ ਲਾਜ ਲ... ਹੈ । ਤੂੰ ਦੀਨ ਗਵਾਇਆ ਹੈ । ਦੁਨੀਆਂ ਨੇ ਵੀ ਤੇਰਾ ਸਾਥ ਨਹੀਂ ਦੇਣਾ । ਗੁਰੂ ਨੂੰ ... ਦਿਖਾਕੇ ਤੂੰ ਦੁਨੀਆਂ ਵਿਚ ਸੁੱਖ ਨਹੀਂ ਪਾ ਸਕੇਂਗਾ । ਦਰ ਦਰ ਦੇ ਠੇਡੇ ਹੀ ਖਾਏਂਗਾ ।

ਤੈਨੂੰ ਗੁਰੂ ਘਰੋਂ ਨਿਰਮਲ ਨਾ ਮਿਲਿਆ ਸੀ । ਤੂੰ ਸਿਰ ਮੂੰਹ ਮੁਨਾਕੇ ਹੁਣ ਸਿੰਘ (... ਸੂਰਮਾ) ਨਹੀਂ ਰਿਹਾ ਸਗੋਂ ਨਿਰਮਲ ਸਿੰਘ ਦੀ ਥਾਂ ਕਾਮ ਕ੍ਰੋਧ, ਲੋਭ, ਮੋਹ, ਤੇ ਹੰਕਾਰ ... ਦਾਸ ਬਣ ਗਿਆ ਹੈਂ । ਨਹੀਂ ਨਹੀਂ ਤੂੰ ਤੇ ਨਿਰਮਲ ਦੀ ਥਾਂ ਪਤਿਤ ਹੋ ਗਿਆ ਹੈਂ । 'ਪ... ਦਾਸ' ਬਣ ਗਿਆ ਹੈਂ ਜਿੰਨੀ ਦੇਰ ਤੂੰ ਮੁੜ ਗੁਰੂ ਦਰਬਾਰ ਪੰਜਾਂ ਪਿਆਰਿਆਂ ਅੱਗੇ ਪੇਸ਼ ... ਕੇ ਆਪਣੀਆਂ ਭੁੱਲਾਂ ਨਹੀਂ ਬਖਸ਼ਾਉਂਦਾ ਅਤੇ ਅੰਮ੍ਰਿਤ ਛਕ ਕੇ ਸਿੰਘ ਨਹੀਂ ਸਜਦਾ ਉ... ਦੇਰ ਸਾਡੇ ਮੱਥੇ ਨਾ ਲੱਗੀਂ। ਆਪਣੇ ਮਨੋਂ ਇਹ ਗੱਲ ਕੱਢ ਦੇਵੀਂ ਕਿ ਤੂੰ ਸਾਡਾ ਭਰਾ ਹੈਂ ... ਅਸੀਂ ਤੇਰੇ ਕੁਝ ਲਗਦੇ ਹਾਂ ।

–ਨਰਿੰਦਰ ...

ਨਿਰਮਲ ਸਿੰਘ ਦਫਤਰੋਂ ਛੁੱਟੀ ਕਰ ਕੇ ਘਰ ਪੁੱਜਾ ਹੀ ਸੀ ਕਿ ਲੈਟਰ ਬਕਸ... ਖਿੜਕੀ ਖੋਲ੍ਹਦਿਆਂ ਵੱਡੀ ਭੈਣ ਦੀ ਚਿੱਠੀ ਮਿਲ ਗਈ, ਕੁਰਸੀ ਤੇ ਬੈਠ ਕੇ ਚਿੱਠੀ ਖੋਲ੍ਹੀ ... ਪੜ੍ਹਨੀ ਸ਼ੁਰੂ ਕੀਤੀ । ਜਿਉਂ ਜਿਉਂ ਚਿੱਠੀ ਪੜ੍ਹਦਾ ਜਾ ਰਿਹਾ ਸੀ, ਉਸ ਦੀਆਂ ਅੱਖਾਂ ... ਪਛਤਾਵੇ ਦੇ ਹੰਝੂ ਪਰਲ ਪਰਲ ਵਗ ਰਹੇ ਸਨ । ਉਸਨੂੰ ਵੱਡੀ ਭੈਣ ਦੇ ਲਿਖੇ ਸ਼ਬਦਾਂ ... ਅਹਿਸਾਸ ਹੁੰਦਿਆਂ ਹੀ ਇਕ ਝੁਣਝੁਣੀ ਜਿਹੀ ਆਈ । ਸ਼ੀਸ਼ੇ ਕੋਲ ਸ਼ੈਲਫ ਤੇ ਪਏ ਬਲ... ਸ਼ੇਵਿੰਗ ਮਸ਼ੀਨ ਕੈਂਚੀ ਤੇ ਹੋਰ ਦਾੜ੍ਹੀ ਵਾਲ ਮੁੰਨਣ ਦਾ ਸਮਾਨ ਉਸਨੂੰ ਆਰੇ, ਗੰਡਾਸੇ ... ਕੁਹਾੜੇ ਭਾਸਣ ਲਗ ਪਿਆ ਜਿਸ ਨਾਲ ਉਸ ਨੇ ਆਪਣੀ ਸਿੱਖੀ ਸੂਰਤ ਦੇ ਮੁਨਾਰਿਆਂ ... ਢਹਿ ਢੇਰੀ ਕਰ ਦਿਤਾ ਸੀ ।

ਹੁਣ ਉਹ ਆਪਣੀ ਕਰਤੂਤ ਤੇ ਪਛਤਾ ਰਿਹਾ ਸੀ । ਉਸਦੇ ਮੂੰਹ ਤੇ ਮੁਰਦੇਹਾਣੀ ਛ... ਹੋਈ ਸੀ । ਸਾਹਮਣੇ ਕੰਧ ਤੇ ਲਟਕ ਰਹੀ ਉਸਦੀ ਪਹਿਲੀ ਫੋਟੋ ਸਰਦਾਰ ਵਾਲੀ ਉਸ... ਮੂੰਹ ਚਿੜਾ ਰਹੀ ਸੀ । ਹੰਝੂ ਕੇਰਦਾ ਕੇਰਦਾ ਉਹ ਇਕ ਦਮ ਜੋਸ਼ ਵਿਚ ਆਇਆ ਤੇ ... ਕੋਲ ਪਿਆ ਦਾੜ੍ਹੀ ਮੁੰਨਣ ਦਾ ਸਾਰਾ ਸਮਾਨ ਉਸ ਬਾਰੀ ਵਿਚੋਂ ਬਾਹਰ ਵਗਾ ਮਾਰਿਆ ... ਹੰਝੂਆਂ ਨਾਲ ਭਿੱਜੀ ਹੋਈ ਇਕ ਪੱਤ੍ਰਕਾ ਉਹ ਆਪਣੀ ਭੈਣ ਨੂੰ ਲਿਖ ਰਿਹਾ ਸੀ ਜਿਸ ... **ਗਲਤੀ ਦਾ ਅਹਿਸਾਸ ਤੇ ਮੁੜ ਸਾਬਤ ਸੂਰਤ ਸਜ ਜਾਣ ਦਾ ਪ੍ਰਣ ਕੀਤਾ ਗਿਆ ਸੀ ।**

******



# ਇਕ ਖ਼ਤ ਸਿੱਖੀ ਤੋਂ ਪਤਿਤ ਵੀਰ ਨੂੰ

ਮੇਰੇ ਭੁੱਲੜ ਵੀਰ!

**ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ॥**

ਨਾਮ ਇਸ ਲਈ ਨਹੀਂ ਲਿਖ ਰਿਹਾ ਕਿ ਹੁਣ ਤੂੰ ਉਹ ਰਿਹਾ ਨਹੀਂ, ਜੋ ਪਹਿਲਾਂ ਸੀ। ਇਸ ਲਈ ਪੁਰਾਣਾ ਨਾਮ ਲਿਖਣ ਦਾ ਕੀ ਲਾਭ?

ਸੱਚ ਜਾਣੀਂ, ਜਦੋਂ ਮੈਂ ਤੇਰੇ ਕੇਸ ਕਤਲ ਕਰਵਾ ਦੇਣ ਦੀ ਖਬਰ ਸੁਣੀ, ਤਾਂ ਮੈਨੂੰ ਵੀ ਏਨੀ ਜ਼ਿਆਦਾ ਹੈਰਾਨੀ ਹੋਈ, ਜਿੰਨੀ ਕਿ ਇੱਕ ਸਿੱਖ ਦੇ ਸਿੱਖੀ ਛੱਡ ਦੇਣ 'ਤੇ ਕਿਸੇ ਨੂੰ ਹੋ ਸਕਦੀ ਹੈ। ਤੂੰ ਜੋ ਵੀ ਕੀਤਾ, ਇਸ ਵਿਚ ਤੇਰਾ ਏਨਾ ਕਸੂਰ ਨਹੀਂ, ਜਿੰਨਾ ਤੇਰੇ-ਮਾਪਿਆਂ, ਅਧਿਆਪਕਾਂ ਅਤੇ ਸਾਡੇ ਜ਼ਿੰਮੇਵਾਰ ਅਦਾਰਿਆਂ ਦਾ ਹੈ।

ਤੈਨੂੰ ਪਤਾ ਹੈ ਕਿ ਕੱਚੇ ਘੜੇ ਤੇ ਤੈਰਨ ਵਾਲੀ ਕਿਸੇ ਅਲ੍ਹੜ ਦੀ ਕਹਾਣੀ, ਤੇਰੇ ਤੇ ਪ੍ਰਭਾਵ ਕਿਉਂ ਪਾ ਗਈ? ਇਸ ਲਈ ਕਿ ਤੈਨੂੰ ਕਿਸੇ ਨੇ ਕੱਚੀ ਗੜ੍ਹੀ ਵਿਚ ਲੜਨ ਵਾਲੇ ਸੂਰਬੀਰਾਂ ਦੀ ਸਾਖੀ ਨਹੀਂ ਸੁਣਾਈ। ਝੂਠੇ ਇਸ਼ਕ ਲਈ ਕੰਨ ਪੜਵਾਉਣ ਵਾਲੇ ਦੀ ਕਹਾਣੀ ਸੁਣ ਕੇ ਤੂੰ ਵਾਹ ਵਾਹ ਕਰਨ ਲੱਗ ਪਿਆ ਕਿਉਂਕਿ ਸੱਚੇ ਇਸ਼ਕ ਖ਼ਾਤਰ ਖੋਪਰੀਆਂ ਲੁਹਾ ਲੈਣ ਜਾਂ ਬੰਦ ਬੰਦ ਕਟਵਾ ਲੈਣ ਵਾਲੇ ਸੂਰਮਿਆਂ ਦੀਆਂ ਸੱਚੀਆਂ ਕਹਾਣੀਆਂ ਸੁਣਾਉਣ ਵਾਲੀ ਕੋਈ ਅਵਾਜ਼ ਤੇਰੇ ਕੰਨਾਂ ਤਕ ਨਹੀਂ ਪਹੁੰਚੀ। ਜੇ ਤੂੰ ਜੰਡ ਨਾਲ ਬੰਨ੍ਹ ਕੇ ਸਾੜੇ ਜਾਣ ਵਾਲੇ (ਸਿੱਖ) ਪਤੰਗੇ ਦੀ ਗਾਥਾ ਸੁਣੀ ਹੁੰਦੀ ਤਾਂ ਮੇਰਾ ਦਾਅਵਾ ਹੈ ਮੇਰੇ ਵੀਰ, ਕਿ ਕਿਸੇ ਦੀ ਧੀ ਉਧਾਲ ਕੇ ਜੰਡ ਥੱਲੇ ਮਰਨ ਵਾਲੇ ਕਿਸੇ ਝੂਠੇ ਆਸ਼ਕ ਦੀ ਕਹਾਣੀ, ਤੇਰੇ ਤੇ ਭੋਰਾ ਪ੍ਰਭਾਵ ਨਾ ਪਾ ਸਕਦੀ।

ਜਿਸ ਮਕਾਨ ਦੀ ਨੀਂਹ ਕੱਚੀ ਹੋਵੇ, ਉਸਨੂੰ ਤਾਂ ਹਨ੍ਹੇਰੀ ਵੀ ਡੇਗ ਸਕਦੀ ਹੈ, ਤੂਫਾਨਾਂ ਦੀ ਤਾਂ ਗੱਲ ਹੀ ਛੱਡੋ। ਤੇਰੇ ਧਾਰਮਿਕ ਜੀਵਨ ਦੀ ਨੀਂਹ ਕੱਚੀ ਹੋਣ ਕਰਕੇ ਹੀ ਇਹ ਮਕਾਨ (ਸਾਬਤ ਸੂਰਤ) ਵੀ ਮਾਮੂਲੀ ਹਨ੍ਹੇਰੀਆਂ (ਕੁਸੰਗਤ ਅਤੇ ਫਿਲਮਾਂ) ਨਾਲ ਢਹਿ ਢੇਰੀ ਹੋ ਗਿਆ, ਜੋ ਕਦੇ ਨੀਂਹ ਮਜ਼ਬੂਤ ਹੋਣ ਕਰਕੇ ਤੂਫਾਨਾਂ (ਮੁਗਲ ਰਾਜ ਦੇ ਜ਼ੁਲਮਾਂ) ਦਾ ਟਾਕਰਾ ਵੀ ਖਿੜੇ ਮੱਥੇ ਕਰਦਾ ਹੁੰਦਾ ਸੀ।

ਅਜੋਕੀਆਂ ਫਿਲਮਾਂ ਵਿਚ ਤੂੰ ਹੀਰੋ ਦੇ ਰੂਪ ਵਿਚ ਅਜਿਹੇ ਲੋਕਾਂ ਨੂੰ ਵੇਖਦੈਂ, ਜਿਹਨਾਂ ਨੇ ਸਾਬਤ-ਸੂਰਤ ਨੂੰ ਭੰਨਿਆ ਹੁੰਦਾ ਹੈ। ਤੂੰ ਵੀ ਹੀਰੋ ਬਣਨ ਲਈ ਸਾਬਤ-ਸੂਰਤ ਨੂੰ ਭੰਨਣ ਦੀ ਸੋਚੀ। ਲੋਹਾ ਗਰਮ ਵੇਖ, ਕੁਸੰਗੀਆਂ ਨੇ ਸੱਟ ਮਾਰੀ ਤੇ ਹੱਲਾਸ਼ੇਰੀ ਦਿੱਤੀ। ਜੇ ਤੂੰ ਸੋਚਣ ਲਈ ਸਮਾਂ ਮੰਗਿਆ ਤਾਂ ਤਾਹਨੇ ਮਿਹਣੇ ਦੇ, ਇਹ ਕੁਕਰਮ ਕਰਾ ਦਿੱਤਾ।

ਮੇਰੇ ਵੀਰ! ਮੈਨੂੰ ਇਕ ਗੱਲ ਦਾ ਜੁਆਬ ਦੇਈਂ, ਜੇ ਕੋਈ ਗਧਾ ਸ਼ੇਰ ਨੂੰ ਕਹੇ ਕਿ ਤੇਰੀ ਗਰਜ਼ ਬਹੁਤ ਹੀ ਭੱਦੀ ਅਤੇ ਸ਼ਕਲ ਬਦਸੂਰਤ ਹੈ, ਤੂੰ ਵੀ ਮੇਰੇ ਵਾਂਗ ਹੀ ਹੀਂਗਣਾ ਸ਼ੁਰੂ ਕਰ ਤੇ ਮੇਰੇ ਵਰਗਾ ਹੀ ਬਣ ਜਾ, ਤਾਂ ਸ਼ੇਰ ਨੂੰ ਕੀ ਕਰਨਾ ਚਾਹੀਦਾ ਹੈ? ਜ਼ਾਹਿਰ ਹੈ ਕਿ ਗਧੇ ਦੀ ਗੱਲ ਮੰਨ ਲੈਣ ਵਾਲਾ ਸ਼ੇਰ, ਮੂਰਖ ਹੀ ਸਮਝਿਆ ਜਾਵੇਗਾ। ਇਸੇ ਤਰ੍ਹਾਂ ਹੀ ਕੁਸੰਗੀਆਂ ਦੇ ਕਹੇ ਤੇ ਕੇਸ ਕਟਾ ਕੇ, ਕੀ ਤੂੰ ਆਪਣੀ ਮੂਰਖਤਾ ਦਾ ਸਬੂਤ ਨਹੀਂ ਦਿੱਤਾ?

ਬਾਕੀ ਰਹੀ ਗੱਲ ਹੀਰੋ ਬਣਨ ਦੀ, ਫਿਲਮਾਂ ਦੀਆਂ ਕਹਾਣੀਆਂ ਮਨੋਕਲਪਿਤ ਹੁੰਦੀਆਂ ਹਨ ਤੇ ਹੀਰੋ ਵੀ ਫਰਜ਼ੀ। ਜੇ ਤੂੰ ਅਸਲ ਹੀਰੋ ਬਾਰੇ ਜਾਣਨਾ ਚਾਹੁੰਦਾ ਹੈਂ ਤਾਂ ਭਾਰਤ ਦੀ ਅਸਲ ਕਹਾਣੀ ਨੂੰ ਪੜ੍ਹ। ਜਿਸ ਤਰ੍ਹਾਂ ਦੀ ਸ਼ਕਲ ਬਣਾ ਕੇ ਤੂੰ ਆਪਣੇ ਆਪ ਨੂੰ ਹੀਰੋ ਸਮਝ ਰਿਹਾ ਹੈਂ, ਇਹਨਾਂ ਦੀ ਨਾ ਕਦੇ ਦੌਲਤ ਸੁਰੱਖਿਅਤ ਰਹੀ ਹੈ ਤੇ ਨਾ ਹੀ ਇੱਜ਼ਤ। ਮੁੱਠੀ ਭਰ ਲੁਟੇਰੇ ਬਾਹਰੋਂ ਆ ਕੇ ਇਹਨਾਂ ਦੀ ਆਬਰੂ ਲੁਟਦੇ ਰਹੇ ਤੇ ਗਜ਼ਨੀ ਦੇ ਬਾਜ਼ਾਰਾਂ ਵਿਚ ਟਕੇ ਟਕੇ ਨੂੰ ਨੀਲਾਮ ਕਰਦੇ ਰਹੇ ਇਹਨਾਂ ਦੀਆਂ ਬਹੂ-ਬੇਟੀਆਂ, ਪਰ ਇਹਨਾਂ ਵਿਚੋਂ ਕੋਈ ਹੀਰੋ ਨਾ ਉਠਿਆ, ਜੋ ਲੁਟੇਰਿਆਂ ਨੂੰ ਠਲ੍ਹ ਪਾਉਂਦਾ।

ਜਾਣਦਾ ਹੈਂ ਕਿ ਉਹਨਾਂ ਲੁਟੇਰਿਆਂ ਨੂੰ ਠਲ੍ਹ ਕਿਸ ਨੇ ਪਾਈ ਸੀ? ਸਾਬਤ ਸੂਰਤ ਵਾਲੇ ਸਰਦਾਰਾਂ ਨੇ, ਜੋ ਕਿ ਇਕ ਸ਼ਾਨਦਾਰ ਇਤਿਹਾਸ ਬਣ ਚੁਕਾ ਹੈ। ਤੂੰ ਕਦੀ ਇਸ ਇਤਿਹਾਸ ਨੂੰ ਪੜ੍ਹ ਕੇ ਤਾਂ ਵੇਖ, ਜੇ ਤੂੰ ਅਸਲੀ ਹੀਰੋ ਬਣਨਾ ਚਾਹੁੰਦਾ ਹੈਂ ਤਾਂ ਸਾਬਤ ਸੂਰਤ ਨੂੰ ਫਿਰ ਤੋਂ ਪਕੇਰੀ ਕਰ ਕੇ, ਖੰਡੇ ਦੀ ਪਾਹੁਲ ਰਾਹੀਂ ਦਾਖਲਾ ਲੈ, ਸਿੱਖ ਵਿਚਾਰਧਾਰਾ ਨੂੰ ਅਪਣਾ ਕੇ ਖਾਲਸਾ ਪਰਿਵਾਰ ਦਾ ਮੈਂਬਰ ਬਣ ਜਾ। ਸਿਆਣਿਆਂ ਦਾ ਕਹਿਣਾ ਹੈ ਕਿ ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਆ ਜਾਵੇ ਤਾਂ ਉਸਨੂੰ ਭੁੱਲਿਆ ਨਹੀਂ ਕਹਿੰਦੇ।

ਤੇਰਾ ਵੀਰ,
ਬਲਜੀਤ ਸਿੰਘ 'ਖਾਲਸਾ', ਨਾਰਲੀ (ਅੰਮ੍ਰਿਤਸਰ)

## ਕੰਡਕਟਰ ਦੀ ਦਲੀਲ

ਬਸ, ਆਪਣੇ ਅੱਡੇ ਤੇ ਖੜੋਤੀ ਸਵਾਰੀਆਂ ਲੈ ਰਹੀ ਸੀ। ਇਕ ਸੋਹਣਾ ਸੁਨੱਖਾ ਜਵਾਨ ਸਿੱਖ, ਸਾਫ ਸੁਥਰੇ ਪਹਿਰਾਵੇ ਵਾਲਾ ਇਕ ਸੀਟ ਤੇ ਆ ਬੈਠਾ। ਉਹਦੀ ਸੋਹਣੀ ਦਸਤਾਰ ਅਤੇ ਮੁਖੜੇ ਤੇ ਸੁੰਦਰ ਦਾਹੜਾ, ਉਸਦੀ ਪ੍ਰਭਾਵਸ਼ਾਲੀ ਸ਼ਖਸੀਅਤ ਨੂੰ ਕਿਸੇ ਚੰਗੇ ਅਮੀਰ ਅਤੇ ਖਾਨਦਾਨੀ ਪੁਰਸ਼ ਹੋਣ ਦਾ ਪ੍ਰਭਾਵ ਪਾਉਂਦੀ ਸੀ।

ਉਸ ਦੀ ਸੀਟ ਦੇ ਨਾਲ ਹੀ ਉਸ ਵਰਗੇ ਨੈਣ ਨਕਸ਼ਾਂ ਵਾਲਾ ਇਕ ਹੋਰ ਬੰਦਾ ਬੈਠਾ ਹੋਇਆ ਸੀ, ਜਿਸ ਦੇ ਕੱਟੇ ਹੋਏ ਦਾਹੜੇ ਦੇ ਸੂਲਾਂ ਵਰਗੇ ਨਵੇਂ ਨਿਕਲੇ ਛੋਟੇ ਛੋਟੇ ਰੋਮ (ਵਾਲ) ਉਚੇ ਹੋ ਰਹੇ ਸਨ।

ਇਤਨੇ ਨੂੰ ਇਕ ਹੋਰ ਸਿੱਖ ਬਸ ਵਿਚ ਚੜ੍ਹ ਆਇਆ। ਉਸਨੇ ਉਨ੍ਹਾਂ ਦੋਹਾਂ ਨਾਲ ਫਤਹਿ ਸਾਂਝੀ ਕੀਤੀ ਅਤੇ ਕਟੇ ਹੋਏ ਦਾਹੜੇ ਵਾਲੇ ਨੂੰ ਦੋਸਤ ਹੋਣ ਦੇ ਨਾਤੇ ਵਿਚ ਕਿਹਾ:

"ਰੂੜ੍ਹ ਸਿਹਾਂ! ਤੂੰ ਤਾਂ ਯਾਰ ਹੁਣ ਪਛਾਣਿਆ ਹੀ ਨਹੀਂ ਜਾਂਦਾ।"

'ਪਰ, ਫੇਰ ਤੂੰ ਮੈਨੂੰ ਪਛਾਣ ਕਿਵੇਂ ਲਿਆ?" ਅਗੋਂ ਉਸ ਨੇ ਪੁਛਿਆ।

"ਇਕੱਠੇ ਖੇਡ ਕੇ ਵੱਡੇ ਹੋਏ ਹੋਏ ਦੋਸਤ ਪਛਾਣ ਖੁਣੋਂ ਤਾਂ ਨਹੀਂ ਰਹਿ ਜਾਂਦੇ ਹੁੰਦੇ। ਪਛਾਣ ਤਾਂ ਤੈਨੂੰ ਲਿਆ ਹੈ ਪਰ ਅਗੇ ਤੂੰ ਦਾਹੜਾ ਕਟਣੋਂ ਹਟਦਾ ਨਹੀਂ ਸੀ, ਪਰ ਹੁਣ ਇਹ ਦਾਹੜਾ ਰਖਣਾ ਕਿਸ ਤਰ੍ਹਾਂ ਸ਼ੁਰੂ ਕਰ ਲਿਆ ਹੈ?

"ਇਸ ਬਾਰੇ ਤੂੰ ਕੁਝ ਨਾ ਪੁਛ ਮੈਥੋਂ। ਬਹਿ ਜਾ ਏਥੇ ਮੇਰੇ ਕੋਲ। ਰੂੜ੍ਹ ਸਿੰਘ ਦੀਆਂ ਮੋਟੀਆਂ ਮੋਟੀਆਂ ਅੱਖਾਂ ਹੰਝੂਆਂ ਨਾਲ ਭਰ ਆਈਆਂ। ਨਵਾਂ ਆਇਆ ਸਿੱਖ ਰੂੜ੍ਹ ਸਿੰਘ ਕੋਲ ਬਹਿ ਤਾਂ ਗਿਆ ਪਰ ਉਸ ਦੀਆਂ ਅੱਖਾਂ 'ਚ ਆਏ ਅਥਰੂਆਂ ਬਾਰੇ ਕੁਝ ਹੈਰਾਨ ਸੀ। ਉਹ ਫਿਰ



ਪੁੱਛਣ ਲੱਗਾ :

"ਰੂੜ੍ਹ ਸਿਹਾਂ! ਸੁਣਾ ਦੇ ਬਈ ਫਿਰ ਇਹ ਗੱਲ।"

ਰੂੜ੍ਹ ਸਿੰਘ ਨੇ ਦੱਸਣਾ ਸ਼ੁਰੂ ਕੀਤਾ :

"ਦੱਖਣ ਵਿਚ ਸਿਕੰਦਰਾਬਾਦ ਦੇ ਨੇੜੇ ਦੇ ਜੰਗਲਾਂ ਵਿਚ ਅਸੀਂ ਦੋਵੇਂ ਭਰਾ ਲਕੜਾਂ ਦੀ ਠੇਕੇਦਾਰੀ ਕਰਦੇ ਹਾਂ। ਮੇਰਾ ਰੋਮ ਕਟਣੋਂ (ਕੇਸਾਂ ਤੇ ਦਾਹੜੀ ਦੇ ਵਾਲਾਂ ਨੂੰ ਕਟਣਾ) ਰੋਕਣ ਵਾਲੀ ਗੱਲ ਤਾਂ ਤੈਨੂੰ ਮੇਰਾ ਛੋਟਾ ਭਰਾ ਕਰਨੈਲ ਸਿੰਘ (ਨਾਲ ਬੈਠਾ ਹੋਇਆ ਤਿਆਰ-ਬਰ-ਤਿਆਰ ਸਿੰਘ) ਸੁਣਾਏਗਾ ਪਰ ਦਾਹੜਾ ਕੱਟਣ ਦੇ ਕੀਤੇ ਪਾਪ ਅਤੇ ਦਾਹੜਾ ਮੁੜ ਸੁੱਚਾ ਰਖਣ ਦੇ ਉਤਸ਼ਾਹ ਦੀ ਗੱਲ ਤੈਨੂੰ ਮੈਂ ਸੁਣਾ ਦੇਂਦਾ ਹਾਂ :

ਪਿਛਲੇ ਸਾਲ ਦੱਖਣ ਤੋਂ ਪੰਜਾਬ ਜਾਂਦੇ ਮੈਂ ਸ੍ਰੀ ਹਜ਼ੂਰ ਸਾਹਿਬ ਦਰਸ਼ਨਾਂ ਲਈ ਉਤਰਿਆ। ਸਚਖੰਡ ਗੁਰਦੁਆਰੇ ਵਿਚ ਕਥਾ ਕਰਦੇ ਹੋਏ ਕਥਾਕਾਰ ਕਹਿ ਰਹੇ ਸਨ:

**ਰਹਿਣੀ ਰਹੈ ਸੋਈ ਸਿੱਖ ਮੇਰਾ, ਉਹ ਸਾਹਿਬ ਮੈਂ ਉਸ ਕਾ ਚੇਰਾ।।**

ਇਹ ਪੰਗਤੀਆਂ ਅਤੇ ਇਸ ਤਰ੍ਹਾਂ ਦੀਆਂ ਹੋਰ ਪੰਗਤੀਆਂ ਅਤੇ ਉਹਨਾਂ ਦੇ ਮੂੰਹ ਤੋਂ ਨਿਕਲੇ ਹੋਰ ਸ਼ਬਦਾਂ ਦਾ ਉਚਾਰਨ ਕਿ ਕਿਸ ਤਰ੍ਹਾਂ ਗੁਰੂ ਪਾਤਸ਼ਾਹ ਦਾ ਆਪਣੇ ਪੁਤਰਾਂ ਨੂੰ ਵਾਰ ਕੇ ਸਿੱਖਾਂ ਨੂੰ ਆਪਣਾ ਪੁੱਤਰ ਕਹਿਣਾ, ਐਸਾ ਅਸਰ ਵਾਲਾ ਸੀ ਕਿ ਜਿਥੇ ਉਨ੍ਹਾਂ ਦੀਆਂ ਆਪਣੀਆਂ ਅੱਖਾਂ ਭਰ ਆਈਆਂ ਸਨ, ਉਥੇ ਸਾਰੀ ਸੰਗਤ ਉਤੇ ਜੋ ਪ੍ਰਭਾਵ (ਕਰੁਣਾ ਰਸ) ਛਾ ਗਿਆ ਅਤੇ ਉਸ ਵੇਲੇ ਜੋ ਮੇਰੀ ਹਾਲਤ ਹੋਈ, ਉਹ ਮੈਂ ਦਸ ਨਹੀਂ ਸਕਦਾ।

ਉਸ ਦਿਨ ਸਚ ਖੰਡ ਗੁਰਦੁਆਰੇ ਦੀ ਚਰਨ ਧੂੜ ਨੂੰ ਜਾਮਨ ਦੇ ਕੇ ਮੈਂ ਆਪਣਾ ਪ੍ਰਣ ਅਤੇ ਪ੍ਰਤਿਗਿਆ ਕੀਤੀ ਕਿ ਭਾਵੇਂ ਮੈਂ ਮਰ ਜਾਵਾਂ ਪਰ ਕੇਸ ਦਾਹੜੇ ਦੇ ਰੋਮ ਗੁਰੂ ਗੋਬਿੰਦ ਸਿੰਘ ਜੀ ਦੀ ਅਮਾਨਤ (ਮੋਹਰ) ਸਮਝ ਕੇ ਨਹੀਂ ਕਟਾਂਗਾ। ਸੋ ਇਹ ਮੇਰੀ ਵਿਥਿਆ ਹੈ ਦਾਹੜਾ ਸੁਚਾ ਰਖਣ ਦੀ।"

ਇਸ ਤਰ੍ਹਾਂ ਹੋਰ ਗੱਲਾਂ ਕਰਨ ਮਗਰੋਂ ਉਸ ਦੇ ਭਰਾ ਕਰਨੈਲ ਸਿੰਘ ਨੇ ਇਸ ਤਰ੍ਹਾਂ ਦਸਣਾ ਸ਼ੁਰੂ ਕੀਤਾ :

"ਇਕ ਵਾਰ ਅਸੀਂ ਦੋਵੇਂ ਭਰਾ ਹੈਦਰਾਬਾਦ ਜਾਣ ਲਈ ਬੱਸ ਵਿਚ ਬੈਠੇ ਸਾਂ। ਕੰਡਕਟਰ ਆਇਆ ਅਤੇ ਉਸਨੇ ਮੈਨੂੰ ਪੁਛਿਆ, ਸਰਦਾਰ ਜੀ, ਆਪ ਕਹਾਂ ਜਾਏਂਗੇ?

'ਹੈਦਰਾਬਾਦ', ਮੈਂ ਕਿਹਾ।

ਉਸ ਨੇ ਇਕ ਟਿਕਟ ਕੱਟ ਦਿੱਤੀ ਅਤੇ ਨਾਲ ਲਗਦੇ ਹੀ ਇਨ੍ਹਾਂ ਭਰਾ ਜੀ ਨੂੰ ਪੁਛਣ ਲੱਗਾ, 'ਭਈਆ ਤੁਮ ਨੇ ਕਹਾਂ ਜਾਣਾ ਹੈ?'

ਇਹ ਸੁਣ ਕੇ ਇਨ੍ਹਾਂ ਦੇ ਤਨ-ਬਦਨ ਅੱਗ ਲੱਗ ਗਈ ਅਤੇ ਇਨ੍ਹਾਂ ਨੇ ਪੰਜਾਬੀ ਵਿਚ ਕੰਡਕਟਰ ਨੂੰ ਦੋ ਚਾਰ ਗਾਲ੍ਹਾਂ ਕਢ ਦਿੱਤੀਆਂ। (ਇਹ ਵਾਰਤਾ ਪਾਕਿਸਤਾਨ ਬਣਨ ਤੋਂ ਪਹਿਲਾਂ ਦੀ ਹੈ ਜਦੋਂ ਪੰਜਾਬੋਂ ਬਾਹਰ ਬਹੁਤ ਥੋੜ੍ਹੇ ਸਿੱਖ ਹੋਇਆ ਕਰਦੇ ਸਨ) ਕੰਡਕਟਰ ਸਮਝਿਆ ਤਾਂ ਕੁਝ ਨਾ, ਪਰ ਇਨ੍ਹਾਂ ਦੇ ਗੁੱਸੇ ਤੋਂ ਉਹ ਵੀ ਗੁੱਸੇ ਹੋਣ ਲੱਗਾ। ਮੈਂ ਉਸਨੂੰ ਕਿਹਾ, 'ਯਹ ਮੇਰੇ ਬੜੇ ਭਾਈ ਹੈਂ, ਇਨਹੋਂ ਨੇ ਭੀ ਹੈਦਰਾਬਾਦ ਜਾਣਾ ਹੈ।'

'ਯਹ ਆਪ ਕੇ ਭਾਈ ਹੈਂ? ਕਿਆ ਆਪ ਹੰਸੀ ਕਰਤੇ ਹੈਂ ਮੇਰੇ ਸਾਥ? ਯਹ 'ਆਪ ਕੇ

ਭਾਈ ਕਿਸ ਤਰ੍ਹਾਂ ਹੋ ਸਕਤੇ ਹੈਂ? ਯਹ ਨਾਂਦੇੜ ਵਾਲੇ ਗੁਰੂ ਜੀ ਕੇ ਸਿੱਖ ਤੋ ਮਾਲੂਮ ਹੀ ਨਹੀਂ ਪੜਤੇ... ਆਦਿ।' ਕੰਡਕਟਰ ਨੇ ਕਿਹਾ।

'ਨਹੀਂ ਯਹ ਨਾਂਦੇੜ ਵਾਲੇ ਗੁਰੂ ਜੀ ਕੇ ਸਿੱਖ ਹੀ ਹੈਂ।' ਮੈਂ ਕਿਹਾ।

'ਯਹ ਕੈਸੇ ਸਿੱਖ ਹੈਂ? ਮੈਂ ਜਾਨਤਾ ਹੂੰ ਸਿੱਖ ਲੋਗੋਂ ਕੋ, ਮੈਂਨੇ ਤੋ ਐਸੇ ਸਿੱਖ ਕਭੀ ਨਹੀਂ ਦੇਖੇ ਜੋ ਬਾਲ ਕਾਟਤੇ ਹੋਂ। ਔਰ ਬਾਤ ਬਾਤ ਪਰ ਫਜ਼ੂਲ ਕ੍ਰੋਧ ਕਰਤੇ ਹੋਂ।' ਕੰਡਕਟਰ ਨੇ ਕਿਹਾ।

'ਨਹੀਂ ਭਈਆ, ਇਨਕਾ ਗੁੱਸਾ ਕਰਨੇ ਕਾ ਕਾਰਨ ਯਿਹ ਹੈ ਕਿ ਆਪ ਨੇ ਮੁਝੇ ਤੋ ਸਰਦਾਰ ਜੀ ਕਹਾ ਔਰ ਇਨਕੋ ਭਈਆ ਕਹਿ ਕਰ ਕਹਾ ਕਿ ਤੁਮਨੇ ਕਹਾਂ ਜਾਨਾ ਹੈ? ਆਪ ਕੇ ਕਹੇ ਨਿਰਾਦਰ ਕੇ ਸ਼ਬਦੋਂ ਸੇ ਇਨ ਕੋ ਗੁੱਸਾ ਆ ਗਿਆ।'

'ਅਰੇ ਸਰਦਾਰ ਜੀ, ਜਾਨ ਬੂਝ ਕਰ ਤੋ ਹਮਾਰੀ ਜ਼ਬਾਨ ਸੇ ਕਿਸੀ ਭੀ ਸਵਾਰੀ ਕੇ ਲੀਏ ਨਿਰਾਦਰ ਕੇ ਸ਼ਬਦ ਤੋ ਨਿਕਲ ਹੀ ਨਹੀਂ ਸਕਤੇ। ਮੈਂਨੇ ਜੋ ਦੇਖਾ ਵਹੀ ਕਹਾ। ਮੁਝੇ ਪਤਾ ਹੈ ਕਿ ਨਾਂਦੇੜ ਵਾਲੇ ਗੁਰੂ ਕੇ ਸਿੱਖ ਤੋ ਕਿਸੀ ਨਾਈ ਕੇ ਸਾਹਮਣੇ ਆਪਨਾ ਮੁਖ ਨਹੀਂ ਰਖਾ ਕਰਤੇ। ਅਗਰ ਯਿਹ ਭੀ ਆਪ ਕੀ ਤਰਹ ਕੇਸ ਦਾਹੜੀ ਰਖੇ ਹੋਤੇ ਤੋ ਮੈਂਨੇ ਇਨ ਕੋ ਭੀ 'ਸਰਦਾਰ ਜੀ' ਕੇ ਸ਼ਬਦੋਂ ਸੇ ਹੀ ਸੰਬੋਧਨ ਕਰਨਾ ਥਾ। ਕਿਉਂਕਿ ਹਮ ਹਰ ਕੇਸੋਂ ਵਾਲੇ ਵਿਅਕਤੀ ਕਾ ਆਦਰ ਇਸ ਲੀਏ ਭੀ ਕਰਤੇ ਹੈਂ ਕਿ ਹਮਾਰੇ ਸ੍ਰੀ ਰਾਮ ਜੀ ਭੀ, ਕ੍ਰਿਸ਼ਨ ਔਰ ਤਮਾਮ ਰਿਸ਼ੀ ਮੁਨੀ ਕੇਸੋਂ ਵਾਲੇ ਥੇ। ਔਰ ਕੇਸੋਂ ਦਾਹੜੀ ਵਾਲੀ ਮੂਰਤ ਤੋ ਆਪਣੇ ਆਪ ਮੇਂ ਲਾਜਵਾਬ ਹੋਤੀ ਹੈ। ਅਗਰ ਭਾਈ ਸਾਹਿਬ ਕੋ ਮੇਰੇ ਇਸ ਕਹਿਣੇ ਪਰ ਇਤਬਾਰ ਨਾ ਹੋ ਤੋ ਆਪ ਦੋਨੋ ਭਾਈ ਵਹੁ ਫਰੰਟ ਪਰ (ਸਾਹਮਣੇ) ਲਗੇ ਸ਼ੀਸ਼ੇ ਕੇ ਸਾਹਮਣੇ ਬੈਠ ਜਾਈਏ, ਔਰ ਦੋਨੋਂ ਸੂਰਤ ਕੀ ਪ੍ਰਭਾਵਤ ਕਰਨੇ ਵਾਲੀ ਸੁੰਦਰਤਾ ਕਾ ਫਰਕ ਦੇਖ ਲੇਂ।

ਪਰ ਚਲੋ ਜੋ ਕੁਛ ਹੁਆ ਮੈਂ ਇਸ ਕੇ ਲੀਏ ਖਿਮਾਂ ਚਾਹਤਾ ਹੂੰ। ਇਸ ਲੀਏ ਕਿ ਯਿਹ ਆਪ ਕੇ ਬੜੇ ਭਾਈ ਹੈਂ।'

ਕਰਨੈਲ ਸਿੰਘ ਕਹਿਣ ਲੱਗਾ ਕਿ ਕੰਡਕਟਰ ਦੀ ਦਲੀਲ ਨੇ ਮੈਨੂੰ ਨਿਰੁੱਤਰ ਕਰ ਦਿੱਤਾ ਅਤੇ ਭਰਾ ਜੀ ਵੀ ਪਸਚਾਤਾਪ ਕਰਨ ਲੱਗੇ। ਜਦ ਕੰਡਕਟਰ ਚਲਾ ਗਿਆ ਤਾਂ ਇਨ੍ਹਾਂ ਨੇ ਮੈਨੂੰ ਕਿਹਾ ਕਿ ਅਗੋਂ ਮੈਂ ਦਾਹੜਾ ਬਿਲਕੁਲ ਨਹੀਂ ਕਟਣਾ। ਪਹਿਲਾਂ ਮੈਂ ਕੁਸੰਗਤ ਕਰ ਕੇ ਐਵੇਂ ਝੱਖ ਮਾਰਦਾ ਰਿਹਾ।

ਇਹ ਹੈ ਸੱਚੀ ਵਾਰਤਾ ਜੋ ਭਾਰਤ ਪਾਕਿਸਤਾਨ ਬਣਨ ਤੋਂ ਪਹਿਲਾਂ ਦਖਣੀ ਭਾਰਤ ਵਿਚ ਵਾਪਰੀ ਸੀ ਜਿਸ ਤੋਂ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀਂ ਕਿ ਕੇਸ ਦਾਹੜੀ ਸਾਬਤ ਰਖਣ ਵਾਲੇ ਅਤੇ ਦਾਹੜੀ ਕਤਰਨ ਵਾਲੇ ਸਿੱਖਾਂ ਦਾ ਪ੍ਰਭਾਵ ਦੂਜਿਆਂ ਉਤੇ ਕਿਸ ਤਰ੍ਹਾਂ ਪੈਂਦਾ ਹੈ ਅਤੇ ਦੂਸਰੇ ਸਾਨੂੰ ਕੀ ਅਤੇ ਕਿਸ ਤਰ੍ਹਾਂ ਸਮਝਦੇ ਹਨ ਅਤੇ ਕਿਸ ਤਰ੍ਹਾਂ ਵਿਹਾਰ ਕਰਦੇ ਹਨ।

## ਹਲੂਣਾ

"ਸਿੱਖੋ, ਜੋ ਮਰਜ਼ੀ ਏ ਪਏ ਕਰੋ ਤੁਸੀਂ, ਪਰ ਤੁਹਾਡਾ ਗੁਰੂ ਤੁਹਾਡੇ ਤੇ ਕਦੀ ਖੁਸ਼ ਨਹੀਂ ਹੋਵੇਗਾ। ਮੈਂ ਪੜ੍ਹੀ ਏ ਤੁਹਾਡੀ ਸਿੱਖ ਹਿਸਟਰੀ। ਮੈਂ ਪੜ੍ਹੀ ਏ ਤੁਹਾਡੀ ਗੁਰਬਾਣੀ, ਜਿੰਨਾ



ਤਰਜਮਾ ਮੈਨੂੰ ਮਿਲਿਆ ਏ, ਮੈਂ ਬਹੁਤ ਪੜ੍ਹਿਆ ਏ ਇਸ ਧਰਮ ਬਾਰੇ। ਏਨਾ ਤਾਂ ਤੁਸਾਂ ...ਆਂ ਨੇ ਵੀ ਨਹੀਂ ਪੜ੍ਹਿਆ ਹੋਣਾ। ਮੈਂ ਸੱਚ ਆਖਦਾ ਹਾਂ, ਅਸਾਂ ਇਕ ਕ੍ਰਾਈਸਟ ਦੇ ਸੂਲੀ ...ਨ ਦੀ ਗੱਲ ਨੂੰ ਲੈ ਕੇ ਆਪਣਾ ਧਰਮ ਸਾਰੀ ਦੁਨੀਆਂ ਵਿਚ ਫੈਲਾ ਲਿਆ। ਤੁਹਾਡਾ ਤਾਂ ਇਤਿਹਾਸ ਹਜ਼ਾਰਾਂ ਕ੍ਰਾਈਸਟਾਂ ਨਾਲ ਭਰਿਆ ਪਿਆ ਹੈ। ਕਿਹੜਾ ਹੋਰ ਧਰਮ ਏ ਜਿਸ ਦੇ ...ਗੂ ਉਬਲਦੀਆਂ ਦੇਗਾਂ ਵਿਚ ਬੈਠੇ ਹੋਣ ਤੇ ਤੱਤੀਆਂ ਤਵੀਆਂ ਤੇ ਭੁੱਜੇ ਹੋਣ? ਕਿਹੜਾ ਹੋਰ ...ਮ ਹੈ ਜਿਸਦੇ ਆਗੂ ਨੇ ਆਪਣਾ ਸਿਰ ਚੌਰਾਹੇ ਵਿਚ ਕਟਵਾ ਦਿੱਤਾ ਹੋਵੇ? ਕਿਹੜੇ ਧਰਮ ... ਆਸ਼ਕ ਨੇ ਬੰਦ ਬੰਦ ਕਟਵਾਏ ਨੇ? ਕਿਹੜਾ ਕੋਈ ਆਰੇ ਨਾਲ ਚੀਰਿਆ ਗਿਆ ਏ? ...ਸ ਧਰਮ ਨੂੰ ਮੰਨਣ ਵਾਲਿਆਂ ਨੇ ਜ਼ੁਲਮ ਦੇ ਖ਼ਿਲਾਫ ਆਵਾਜ਼ ਉਠਾਉਣ ਲਈ ਸਿਰਾਂ 'ਤੇ ...ਫ਼ਣ ਬੰਨ੍ਹ ਕੇ ਫੌਜੀ ਟੁਕੜੀ ਬਣਾਈ ਏ, ਜਿਹੜੀ ਪੂਰੀ ਸਲਤਨਤ ਤੇ ਸਲਤਨਤ ਦੀ ਹਕੂਮਤ ...ਲ ਟਕਰਾ ਗਈ ਹੋਵੇ? ਕਿਹੜੇ ਧਰਮ ਦੇ ਰਹਿਨੁਮਾ ਨੇ ਆਪਣੇ ਬੱਚੇ ਨੀਹਾਂ ਵਿਚ ਚਿਣਵਾਏ ...? ਗਜ਼ਬ ਖੁਦਾ ਦਾ, ਸਿਰਫ ਪੰਜ ਸੌ ਸਾਲਾਂ ਦਾ ਇਤਿਹਾਸ, ਤੇ ਉਹ ਵੀ ਲਹੂ ਨਾਲ ਲਿਖਿਆ ...ਇਆ ਤੇ ਉਂਜ ਤੁਹਾਡੀ ਗੁਰਬਾਣੀ ਵਿਚ ਮੁਹੱਬਤ ਏ, ਮਨੁੱਖਾਂ ਦੀ ਸੇਵਾ ਕਰਨ ਦਾ ਆਦੇਸ਼ ... ਮੁਹੱਬਤ ਦੇ ਸ਼ਬਦ ਗਾਉਂਦੇ ਤੁਸੀਂ ਜ਼ੁਲਮ ਦੇ ਖ਼ਿਲਾਫ ਤਲਵਾਰ ਚੁਕ ਲੈਂਦੇ ਹੋ ਤੇ ਮਰਨ ...ਈ ਤੁਰ ਪੈਂਦੇ ਹੋ। ਅਜੀਬ ਮਜ਼ਹਬ ਏ ਤੁਹਾਡਾ। ਤੁਸਾਂ ਏਨੇ ਨਾਯਾਬ ਇਤਿਹਾਸ ਨੂੰ ਸਿਰਫ ... ਕਰੋੜ ਛਾਤੀਆਂ ਵਿਚ ਕੈਦ ਕਰ ਕੇ ਰਖਿਆ ਹੋਇਆ ਹੈ ਤੇ ਦੋ ਕਰੋੜ ਵੀ ਕਾਹਨੂੰ, ਮੈਨੂੰ ... ਇਹ ਵੀ ਡਰ ਏ ਕਿ ਅੱਜ ਦੇ ਪੜ੍ਹੇ ਲਿਖੇ ਲੋਕ ਤਾਂ ਆਪਣੇ ਬੱਚਿਆਂ ਨੂੰ ਇਹ ਦਾਸਤਾਨਾਂ ...ਣਾਉਂਦੇ ਹੀ ਨਹੀਂ ਹੋਣੇ, ਤੇ ਜਿਹੜੇ ਨਹੀਂ ਪੜ੍ਹੇ ਲਿਖੇ, ਤੁਹਾਡੇ ਪਿੰਡਾਂ ਵਿਚ ਰਹਿਣ ਵਾਲੇ ...ਕ, ਉਹ ਉਂਜ ਹੀ ਇਹਨਾਂ ਵਿਚ ਹੌਲੀ ਹੌਲੀ ਮੁਅਜਜ਼ਿਆਂ ਦਾ ਪਾਣੀ ਮਿਲਾਉਂਦੇ ਤੁਰੀ ...ਣਗੇ। ਵਿਸ਼ਵਾਸ ਤੇ ਅੰਧ ਵਿਸ਼ਵਾਸ ਵਿਚ ਬਹੁਤ ਫਰਕ ਹੁੰਦਾ ਏ ਦੋਸਤ। ਵਿਸ਼ਵਾਸ ਲਈ ...ਆਨ ਦੀ ਕਿਰਨ ਦਾ ਹੋਣਾ ਵੀ ਬਹੁਤ ਜ਼ਰੂਰੀ ਹੁੰਦਾ ਏ ਦੋਸਤ। ਗਿਆਨ ਤੋਂ ਬਿਨਾਂ ਜੋ ...ਕ ਬਾਕੀ ਬਚਦਾ ਏ, ਉਸ ਵਿਚ 'ਅੰਧ ਵਿਸ਼ਵਾਸ' ਯਾਨੀ 'ਸੁਪਰਸਟੀਸ਼ਨ' ਦੀ 'ਮਿਲਾਵਟ' ...ਨੀ 'ਐਡਲਟਰੇਸ਼ਨ' ਹੁੰਦੀ ਚਲੀ ਜਾਂਦੀ ਏ। ਕੀ ਕੀਤਾ ਏ ਤੁਸਾਂ ਇਸ ਨੂੰ ਰੋਕਣ ਲਈ?

ਮੈਂ ਸੁਣਿਆ ਏ ਤੁਹਾਡੇ ਗੁਰਦੁਆਰਿਆਂ ਦਾ ਪ੍ਰਬੰਧ ਕਰਨ ਵਾਲੀ ਕਮੇਟੀ ਦੀ ਸਾਲਾਨਾ ਆਮਦਨੀ ਕਰੋੜਾਂ ਰੁਪਏ ਹੈ। ਉਸ ਪੈਸੇ ਨਾਲ ਤੁਹਾਨੂੰ ਗੁਰਬਾਣੀ ਦੇ ਤਰਜਮੇ ਲੱਖਾਂ ਦੀ ਤਾਦਾਦ ...ਚ ਛਾਪਣੇ ਚਾਹੀਦੇ ਹਨ, ਸਿੱਖ ਹਿਸਟਰੀ ਦੇ ਤਰਜਮੇ ਛਾਪ ਕੇ ਸਾਰੀ ਦੁਨੀਆਂ ਵਿਚ ਪਹੁਚਾਉਣੇ ...ਹੀਦੇ ਹਨ, ਦੁਨੀਆ ਦੀਆਂ ਸਾਰੀਆਂ ਜ਼ੁਬਾਨਾਂ ਵਿਚ। ਮੈਂ ਤੇ ਸੁਣਿਆ ਏ ਕਿ ਤੁਸਾਂ ਸਿੱਖ ...ਸਟਰੀ ਵੀ ਪੰਜਾਬੀ ਵਿਚ ਛਾਪ ਕੇ ਹਰ ਘਰ ਵਿਚ ਨਹੀਂ ਪਹੁੰਚਾਈ। **ਕਿੰਨੇ ਅਕ੍ਰਿਤਘਣ ... ਤੁਸੀਂ, ਆਪਣੇ ਗੁਰੂਆਂ ਪ੍ਰਤੀ, ਆਪਣੇ ਸ਼ਹੀਦਾਂ ਪ੍ਰਤੀ। ਅਕ੍ਰਿਤਘਣਾਂ ਲਈ ਨਰਕਾਂ ਤੋਂ ...ਨਾਂ ਹੋਰ ਕਿੱਥੇ ਥਾਂ ਹੋ ਸਕਦੀ ਹੈ। ਤੁਸਾਂ ਸਭਨਾਂ ਨੇ ਨਰਕਾਂ ਵਿਚ ਜਾਣਾ ਏ। ਮੈਨੂੰ ਇਹੀ ...ਚਿੰਤਾ ਏ। ਕਮਬਖਤੋ! ਭੀੜ ਬਹੁਤ ਕਰ ਦਿਉਗੇ ਉਥੇ।''**

ਇਹ ਹਨ ਉਹ ਸ਼ਬਦ ਜੋ ਲੰਡਨ ਦੇ ਇਕ ਪਾਦਰੀ ਨੇ ਇਕ ਉਘੇ ਸਿੱਖ ਸਿਆਸਤਦਾਨ ... ਵਿਦਵਾਨ ਸਜਣ ਨੂੰ ਲੰਡਨ ਵਿਖੇ ਕਹੇ ਤੇ ਉਸਦੇ ਕਹਿਣ ਵਿਚ ਰਤਾ ਭਰ ਵੀ ਝੂਠ ਨਹੀਂ। ...ਲਿਟਰੇਚਰ ਰਾਹੀਂ ਕੌਮ ਵਿਚ ਜਾਗਰਤੀ ਪੈਦਾ ਕਰਨ ਵਲੋਂ ਸਾਡੀ ਲੀਡਰਸ਼ਿਪ, ਸ਼੍ਰੋਮਣੀ ਕਮੇਟੀ

ਤੇ ਅਕਾਲੀ ਦਲ ਪੂਰੀ ਤਰ੍ਹਾਂ ਸੁੱਤਾ ਪਿਆ ਹੈ। ਨਾ ਕੋਈ ਸਿੱਖਾਂ ਦਾ ਆਪਣਾ ਅਖਬਾਰ ਹੈ, ਨਾ ਕੋਈ ਪ੍ਰੈਸ ਤੇ ਨਾ ਹੀ ਪਲੇਟਫਾਰਮ। ਸਿੱਖਾਂ ਨੂੰ ਉਨ੍ਹਾਂ ਲੋਕਾਂ ਦੀਆਂ ਲਿਖਤਾਂ ਤੇ ਨਿਰਭਰ ਕਰਨਾ ਪੈ ਰਿਹਾ ਹੈ ਜੋ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕਰਦੇ ਹਨ।

ਸਮੁੱਚੀ ਸਿੱਖ ਲੀਡਰਸ਼ਿਪ ਸਿਆਸਤ ਦੀ ਐਸੀ ਡੂੰਘੀ ਖੱਡ ਵਿਚ ਡਿੱਗੀ ਪਈ ਹੈ ਕਿ ਧਰਮ ਪ੍ਰਚਾਰ ਕਰਨ ਦਾ ਉਸ ਕੋਲ ਸਮਾਂ ਹੀ ਨਹੀਂ।

ਕੇਂਦਰੀ ਸਿੱਖ ਸੰਸਥਾਵਾਂ ਵਲੋਂ ਹੁਣ ਤਕ ਉਂਗਲਾਂ ਤੇ ਗਿਣੀਆਂ ਜਾ ਸਕਣ ਵਾਲੀਆਂ ਹੀ ਕਿਤਾਬਾਂ ਛਪ ਸਕੀਆਂ ਹਨ, ਫ੍ਰੀ ਲਿਟਰੇਚਰ ਛਾਪਣ ਤੇ ਲੱਖਾਂ ਦੀ ਗਿਣਤੀ ਵਿਚ ਵੰਡਣ ਬਾਰੇ ਕਦੀ ਉਹਨਾਂ ਨੇ ਧਿਆਨ ਹੀ ਨਹੀਂ ਕੀਤਾ। ਸ਼ਾਇਦ 'ਉਹ' ਇਹ ਸਮਝਦੀਆਂ ਹਨ ਕਿ ਇਹ ਗ਼ੈਰ-ਵਾਜਬ ਕੰਮ ਹੈ ਜੋ ਕਿਸੇ ਹੋਰ ਅਦਾਰੇ ਨੂੰ ਕਰਨਾ ਚਾਹੀਦਾ ਹੈ।

**'ਸਿੱਖ ਮਿਸ਼ਨਰੀ ਕਾਲਜ'** ਲੁਧਿਆਣਾ ਨੇ 200 ਦੇ ਕਰੀਬ ਛੋਟੇ ਛੋਟੇ ਟਰੈਕਟ ਸਿੱਖ ਧਰਮ ਬਾਰੇ ਛਾਪੇ ਹਨ ਜੋ ਲਾਗਤ ਮਾਤਰ ਕੀਮਤ ਤੇ ਧਾਰਮਿਕ ਪੁਸਤਕਾਂ ਦੇ ਸਟਾਲ ਲਗਾ ਕੇ ਸੰਗਤਾਂ ਤਕ ਪਹੁੰਚਾਏ ਜਾਂਦੇ ਹਨ। ਕਾਲਜ ਦੇ ਸਾਰੇ ਵਰਕਰ ਆਪੋ ਆਪਣੇ ਕੰਮ ਧੰਦੇ ਕਰਨ ਵਾਲੇ ਨਿਸ਼ਕਾਮ ਸੇਵਕ ਅਤੇ ਪ੍ਰਚਾਰਕ ਹਨ ਜੋ ਆਪਣਾ ਦਸਵੰਧ ਦੇ ਕੇ ਇਸ ਸੰਸਥਾ ਨੂੰ ਚਲਾ ਰਹੇ ਹਨ। ਕਾਲਜ ਪਾਸ ਕੋਈ ਐਸੀ ਬਝਵੀਂ ਆਮਦਨ, ਗੁਰਦੁਆਰੇ ਦਾ ਚੜ੍ਹਾਵਾ ਜਾਂ ਜਾਇਦਾਦ ਨਹੀਂ ਜਿਸ ਨਾਲ ਛਾਪਿਆ ਲਿਟਰੇਚਰ ਫ੍ਰੀ ਵੰਡਿਆ ਜਾ ਸਕੇ। ਉਂਜ ਸਾਡਾ ਇਹ ਪੱਕਾ ਮਤ ਹੈ ਕਿ ਜਿਤਨੀ ਦੇਰ ਤਕ ਸਿੱਖ ਸੰਗਤਾਂ ਤਕ ਫ੍ਰੀ ਲਿਟਰੇਚਰ ਨਹੀਂ ਪਹੁੰਚਾਇਆ ਜਾਂਦਾ ਉਤਨਾ ਚਿਰ ਕੌਮ ਵਿਚ ਜਾਗਰਤੀ ਨਹੀਂ ਆ ਸਕਦੀ ਤੇ ਕੌਮ ਅੰਦਰ ਗੁਰਬਾਣੀ ਦੇ ਅਰਥ ਸਮਝਣ, ਸਿੱਖ ਇਤਿਹਾਸ ਦੀਆਂ ਸਾਖੀਆਂ ਤੋਂ ਜਾਣੂ ਹੋਣ ਤੇ ਸਿੱਖ ਰਹਿਤ ਮਰਯਾਦਾ ਦੇ ਨਿਯਮਾਂ ਨੂੰ ਸਮਝਣ ਲਈ ਭੁੱਖ ਪੈਦਾ ਨਹੀਂ ਹੋ ਸਕਦੀ। ਅੱਜ ਭੁਲੜ ਸਿੱਖ, ਘਰ ਵਿਚ ਫਾਲਤੂ ਚੀਜ਼ਾਂ ਲਈ ਤਾਂ ਮਾਇਆ ਖਰਚ ਕਰ ਸਕਦਾ ਹੈ, ਸ਼ਰਾਬ ਦੀ ਬੋਤਲ ਲਈ ਪੈਸੇ ਬਜਟ ਵਿਚੋਂ ਕਢ ਲੈਂਦਾ ਹੈ, ਦੋਸਤਾਂ ਤੇ ਰਿਸ਼ਤੇਦਾਰਾਂ ਦੇ ਚਾਹ ਪਾਣੀ ਲਈ ਫਜ਼ੂਲ ਖਰਚ ਕਰ ਸਕਦਾ ਹੈ ਪਰ ਧਾਰਮਿਕ ਲਿਟਰੇਚਰ, ਗੁਰਬਾਣੀ ਸਟੀਕ, ਸਿੱਖ ਇਤਿਹਾਸ ਤੇ ਸਿੱਖ ਸਭਿਆਚਾਰ ਬਾਰੇ ਪੁਸਤਕਾਂ ਉਪਰ ਕੁਝ ਰੁਪਏ ਵੀ ਖਰਚਣ ਨੂੰ ਤਿਆਰ ਨਹੀਂ। ਉਸਨੂੰ ਤਿਆਰ ਕਰਨ ਤੇ ਲਿਟਰੇਚਰ ਪੜ੍ਹਨ ਦੀ ਭੁੱਖ ਪੈਦਾ ਕਰਨ ਲਈ **'ਸਿੱਖ ਮਿਸ਼ਨਰੀ ਕਾਲਜ'** ਵਲੋਂ **ਫ੍ਰੀ ਲਿਟਰੇਚਰ ਪ੍ਰੋਗਰਾਮ** ਉਲੀਕਿਆ ਗਿਆ ਹੈ।

ਸਿੱਖ ਸੰਗਤਾਂ ਤੇ ਦਾਨੀ ਸੱਜਣਾਂ ਦੀ ਸੇਵਾ ਵਿਚ ਬਿਨੈ ਹੈ ਕਿ ਉਹ ਵੱਧ ਤੋਂ ਵੱਧ ਮਾਇਆ ਇਸ ਪ੍ਰੋਜੈਕਟ ਲਈ ਭੇਜਣ। ਘਟੋ ਘਟ ਦਸ ਰੁਪਏ ਤਾਂ ਹਰ ਪੰਥ ਦਰਦੀ ਨੂੰ ਭੇਜਣੇ ਬਣਦੇ ਹਨ। ਸਾਨੂੰ ਪੂਰਨ ਆਸ ਹੈ ਕਿ ਹਰ ਪੰਥ ਦਰਦੀ ਆਪਣੇ ਦਸਵੰਧ ਵਿਚੋਂ 'ਫ੍ਰੀ ਲਿਟਰੇਚਰ ਫੰਡ' ਲਈ ਜ਼ਰੂਰ ਮਾਇਆ ਭੇਜਣ ਦੀ ਕ੍ਰਿਪਾਲਤਾ ਕਰੇਗਾ ਤੇ ਹੋਰਨਾਂ ਨੂੰ ਪ੍ਰੇਰੇਗਾ। ਸੰਗਤਾਂ ਜਦੋਂ ਵੀ ਚਾਹੁੰਣਗੀਆਂ ਉਹਨਾਂ ਨੂੰ ਫ੍ਰੀ ਲਿਟਰੇਚਰ ਵੰਡਣ ਲਈ ਭੇਜਿਆ ਜਾਵੇਗਾ। ਹਰ ਪੰਥ ਦਰਦੀ ਜੋ ਇਸ ਘਾਟ ਨੂੰ ਅਨੁਭਵ ਕਰਦਾ ਹੈ ਤੇ ਲੰਡਨ ਦੇ ਪਾਦਰੀ ਦੇ ਕਹੇ ਸ਼ਬਦਾਂ ਨੂੰ ਝੂਠਾ ਸਿਧ ਕਰਨਾ ਚਾਹੁੰਦਾ ਹੈ ਉਹ ਹਰ ਮਹੀਨੇ ਆਪਣੇ 'ਦਸਵੰਧ' ਵਿਚੋਂ ਰੈਗੂਲਰ ਸਹਾਇਤਾ



**'ਫ੍ਰੀ ਲਿਟਰੇਚਰ ਫੰਡ'** ਲਈ ਭੇਜੇ। **'ਸਿੱਖ ਮਿਸ਼ਨਰੀ ਕਾਲਜ'** ਦੇ ਸਮੂਹ ਸਹਿਯੋਗੀਆਂ, ਸਰਕਲਾਂ ਤੇ ਹਿਤੈਸ਼ੀਆਂ ਨੂੰ ਵੀ ਪੁਰਜ਼ੋਰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਵੀ ਆਪਣੇ ਸਰਕਲ ਵਿਚੋਂ ਮਾਇਆ ਇਕੱਠੀ ਕਰਕੇ ਹਰ ਮਹੀਨੇ **'ਫ੍ਰੀ ਲਿਟਰੇਚਰ ਫੰਡ'** ਲਈ ਭੇਜਣ।

## ਸਿੱਖ ਮਿਸ਼ਨਰੀ ਕਾਲਜ ਦਾ ਉਦੇਸ਼

**ਅਸੀਂ ਸਿੱਖ ਹਾਂ।** ਇਸ ਲਈ ਇਹ ਜ਼ਰੂਰੀ ਹੈ ਕਿ ਸਾਨੂੰ ਸਿੱਖੀ ਅਸੂਲਾਂ ਦਾ ਪਤਾ ਹੋਵੇ, ਗੁਰਬਾਣੀ ਦੇ ਅਰਥ ਭਾਵ, ਸਿੱਖ ਇਤਿਹਾਸ ਦੀ ਵਾਕਫੀਅਤ, ਸਿੱਖ ਰਹਿਤ ਮਰਯਾਦਾ ਦੇ ਅਸੂਲ, ਸਿੱਖ ਫਿਲਾਸਫੀ, ਸਿੱਖ ਸਭਿਆਚਾਰ ਬਾਰੇ ਹਰ ਗੁਰਸਿੱਖ ਨੂੰ ਜਾਣਕਾਰੀ ਹੋਣੀ ਅਤਿ ਜ਼ਰੂਰੀ ਹੈ। ਜੇ ਸਾਨੂੰ ਇਨ੍ਹਾਂ ਬਾਰੇ ਸੋਝੀ ਨਹੀਂ ਤਾਂ ਅਸੀਂ ਸਿੱਖ ਕਿਵੇਂ ਅਖਵਾ ਸਕਦੇ ਹਾਂ? ਪਾਠ ਅਸੀਂ ਕਰੀ ਜਾ ਰਹੇ ਹਾਂ, ਪਰ ਜੇ ਕੋਈ ਸਾਡੇ ਕੋਲੋਂ ਬਾਣੀ ਦੀ ਕਿਸੇ ਤੁਕ ਦਾ ਅਰਥ ਪੁੱਛ ਲਵੇ ਤੇ ਅਸੀਂ ਜੁਆਬ ਨਾ ਦੇ ਸਕੀਏ ਤਾਂ ਇਹ ਸਾਡੇ ਲਈ ਕਿੰਨੀ ਸ਼ਰਮਨਾਕ ਗੱਲ ਹੋਵੇਗੀ। ਦਸ ਗੁਰੂ ਸਹਿਬਾਨ ਤੇ ਪੁਰਾਤਨ ਗੁਰਸਿੱਖਾਂ ਦੇ ਇਤਿਹਾਸ ਬਾਰੇ ਸਾਨੂੰ ਸੋਝੀ ਹੋਣੀ ਜ਼ਰੂਰੀ ਹੈ। ਜੇ ਅਸੀਂ ਲਾਸਾਨੀ ਇਤਿਹਾਸ ਨਹੀਂ ਜਾਣਦੇ ਤਾਂ ਅਸੀਂ ਕਿਵੇਂ ਦੂਸਰੇ ਨੂੰ ਦੱਸ ਸਕਦੇ ਹਾਂ ਕਿ ਅਸੀਂ ਕਿੱਡੇ ਵੱਡੇ ਵਿਰਸੇ ਦੇ ਮਾਲਕ ਹਾਂ। ਸਿੱਖ ਰਹਿਤ ਮਰਯਾਦਾ ਦੇ ਅਸੂਲ ਕਿਹੜੇ ਹਨ, ਇਸ ਬਾਰੇ ਵੀ ਅਸੀਂ ਆਮ ਤੌਰ ਤੇ ਅਗਿਆਨਤਾ ਵਿੱਚ ਹਾਂ। ਘਰ ਵਿਚ ਪਾਠ ਰੱਖਣਾ ਹੋਵੇ ਜਾਂ ਜੀਵਨ ਦਾ ਕੋਈ ਸੰਸਕਾਰ ਕਰਨਾ ਹੋਵੇ, ਗੁਰਮਤਿ ਸਾਨੂੰ ਕੀ ਪ੍ਰੇਰਨਾ ਕਰਦੀ ਹੈ, ਬਾਰੇ ਜਾਣਨ ਲਈ ਸਾਨੂੰ ਗਰੰਥੀ ਸਿੰਘਾਂ ਤੇ ਜਾਂ ਦੂਸਰੇ ਗਿਆਨੀ ਪੁਰਖਾਂ 'ਤੇ ਨਿਰਭਰ ਹੋਣਾ ਪੈਂਦਾ ਹੈ। ਪਰ ਕੀ ਸਿੱਖ ਹੁੰਦੇ ਹੋਏ ਐਸੇ ਅਸੂਲਾਂ ਬਾਰੇ ਸਾਨੂੰ ਆਪ ਜਾਣਕਾਰੀ ਹੋਣੀ ਜ਼ਰੂਰੀ ਨਹੀਂ?

ਅੱਜ ਅਸੀਂ ਵੇਖਦੇ ਹਾਂ ਕਿ ਸਾਡੇ ਅੰਦਰ ਜੋ ਕਮਜ਼ੋਰੀਆਂ ਆ ਰਹੀਆਂ ਹਨ, ਉਨ੍ਹਾਂ ਦਾ ਮੂਲ ਕਾਰਨ ਹੈ ਕਿ ਅਸੀਂ ਸਿੱਖੀ ਬਾਰੇ ਸੋਝੀ ਪ੍ਰਾਪਤ ਕਰਨ ਦੀ ਜ਼ਿਮੇਵਾਰੀ ਨਹੀਂ ਸਮਝੀ। ਜੇ ਸਾਨੂੰ ਗੁਰੂ ਦੀ ਸਿੱਖੀ ਬਾਰੇ ਆਪ ਨੂੰ ਪਤਾ ਹੋਵੇਗਾ ਤਾਂ ਹੀ ਅਸੀਂ ਆਪਣੇ ਨੌਜਵਾਨਾਂ ਨੂੰ ਜੋ ਅਣਜਾਣੇ ਵਿਚ ਦਾੜ੍ਹੀ ਕੇਸਾਂ ਦੀ ਬੇਅਦਬੀ ਕਰ ਰਹੇ ਹਨ, ਨਸ਼ਾ ਵਰਤ ਰਹੇ ਹਨ, ਦੇਹਧਾਰੀ ਗੁਰੂ ਡੰਮ੍ਹ ਨੂੰ ਮੰਨ ਰਹੇ ਹਨ, ਨੂੰ ਗੁਰਬਾਣੀ ਦੇ ਅਸੂਲ ਦ੍ਰਿੜ ਕਰਵਾ ਕੇ, ਖੂਨ ਨਾਲ ਭਿੱਜਿਆ ਆਪਣਾ ਲਾਸਾਨੀ ਇਤਿਹਾਸ ਸੁਣਾ ਕੇ ਧਰਮ ਵੱਲ ਪ੍ਰੇਰ ਸਕਦੇ ਹਾਂ। ਜੇ ਨੌਜਵਾਨ ਅੱਜ ਸਿੱਖੀ ਤੋਂ ਬਾਗੀ ਹੋ ਰਹੇ ਹਨ ਤਾਂ ਇਸ ਵਿੱਚ ਉਨ੍ਹਾਂ ਵਿਚਾਰਿਆਂ ਦਾ ਕੀ ਦੋਸ਼? ਦੋਸ਼ ਤਾਂ ਸਾਡਾ ਆਪਣਾ ਹੈ, ਸਾਡੇ ਪ੍ਰਚਾਰਕਾਂ ਦਾ ਹੈ, ਸਾਡੇ ਆਗੂਆਂ ਦਾ ਹੈ ਜੋ ਅਜਿਹੇ ਨੌਜਵਾਨਾਂ ਨੂੰ ਸਿੱਖੀ ਦੀ ਦਾਤ ਦੇ ਹੀ ਨਹੀਂ ਸਕੇ।

ਅੱਜ ਨਾ ਤਾਂ ਸਿੱਖੀ ਸਾਨੂੰ ਮਾਤਾ ਪਿਤਾ ਤੋਂ ਘਰੋਂ ਹੀ ਮਿਲ ਰਹੀ ਹੈ (ਕਿਉਂਕਿ ਮਾਤਾ ਪਿਤਾ ਆਪ ਹੀ ਸਿੱਖੀ ਤੋਂ ਦੂਰ ਹੋ ਚੁੱਕੇ ਹਨ ਤੇ ਮਾਦਾ-ਪ੍ਰਸਤੀ ਵਿੱਚ ਬੁਰੀ ਤਰ੍ਹਾਂ ਫਸ ਗਏ ਹਨ) ਤੇ ਨਾ ਹੀ ਸਿੱਖੀ 'ਖਾਲਸਾ ਸਕੂਲਾਂ, ਕਾਲਜਾਂ, 'ਚੋਂ ਹੀ ਮਿਲ ਸਕਦੀ ਹੈ, ਕਿਉਂਕਿ ਕਿਸੇ

ਟਾਵੇਂ-ਟਾਵੇਂ ਸਕੂਲ/ਕਾਲਜ ਨੂੰ ਛੱਡ ਕੇ ਸਿੱਖੀ ਬਾਰੇ ਸੋਝੀ ਦੇਣ ਦਾ ਪ੍ਰਬੰਧ ਅਸੀਂ ਇਨ੍ਹਾਂ ਵਿਚ ਕਰ ਹੀ ਨਹੀਂ ਸਕੇ ਜਾਂ ਕੀਤਾ ਹੀ ਨਹੀਂ, ਜਿਵੇਂ ਪਹਿਲੇ ਖਾਲਸਾ ਸਕੂਲਾਂ, ਕਾਲਜਾਂ ਵਿੱਚ ਹੁੰਦਾ ਸੀ। ਗੁਰਦੁਆਰਿਆਂ ਵਿਚੋਂ ਸਿੱਖੀ ਦੀ ਦਾਤ ਮਿਲਣੀ ਚਾਹੀਦੀ ਸੀ ਕਿਉਂਕਿ ਗੁਰਦੁਆਰੇ ਬਣੇ ਹੀ ਸਿੱਖੀ ਦੇ ਪ੍ਰਚਾਰ ਕਰਨ ਵਾਸਤੇ ਸਨ, ਪਰ ਅੱਜ ਗੁਰਦੁਆਰਿਆਂ ਵਿੱਚ ਪਸਰੀ ਹੋਈ ਧੜੇਬੰਦੀ, ਪਾਰਟੀਬਾਜ਼ੀ, ਚੌਧਰ ਦੀ ਭੁੱਖ ਗੋਲਕ ਦੀ ਲੜਾਈ, ਨੌਜਵਾਨਾਂ ਦੇ ਰਸਤੇ ਵਿਚ ਰੁਕਾਵਟ ਬਣੀ ਹੋਈ ਹੈ, ਜਿਸ ਕਾਰਨ ਉਹ ਗੁਰਦੁਆਰਿਆਂ 'ਚ ਹੋ ਰਹੇ ਧਰਮ ਪ੍ਰਚਾਰ ਦਾ ਅਸਰ ਨਹੀਂ ਕਬੂਲ ਰਹੇ। ਫਿਰ ਜੋ ਪ੍ਰਚਾਰਕ ਅਸੀਂ ਆਪਣੇ ਧਰਮ ਅਸਥਾਨਾਂ ਵਿਚ ਫਿਟ ਕਰ ਰੱਖੇ ਹਨ, ਉਨ੍ਹਾਂ ਵਿਚੋਂ ਬਹੁ-ਗਿਣਤੀ ਤਾਂ ਅਨਪੜ੍ਹ ਹੈ। ਜੇ ਸਾਡੇ ਬਹੁਤੇ ਪ੍ਰਚਾਰਕਾਂ ਦੀ ਨਾ ਦੁਨਿਆਵੀ ਤਾਲੀਮ ਹੋਵੇ, ਨਾ ਉਹ ਧਰਮ ਦੇ ਖੇਤਰ ਵਿਚ ਪੂਰਾ ਗਿਆਨ ਰੱਖਦੇ ਹੋਣ, ਨਾ ਅਮਲੀ ਜੀਵਨ ਅਤੇ ਨਾ ਹੀ ਉੱਚੀ ਸੁੱਚੀ ਮਿਸ਼ਨਰੀ ਸਪਿਰਟ (ਪ੍ਰਚਾਰ ਲਈ ਹੁਬ ਤੇ ਲਗਨ) ਹੀ ਹੋਵੇ ਤਾਂ ਫਿਰ ਇਹ ਕਿਵੇਂ ਆਸ ਰੱਖੀ ਜਾ ਸਕਦੀ ਹੈ ਕਿ ਐਸੇ ਪ੍ਰਚਾਰਕ ਨੌਜੁਆਨ ਪੀੜ੍ਹੀ ਉਤੇ ਆਪਣੇ ਪ੍ਰਚਾਰ ਦਾ ਪ੍ਰਭਾਵ ਪਾ ਸਕਣਗੇ।

ਜਦੋਂ ਅਸੀਂ ਦੂਸਰੀਆਂ ਕੌਮਾਂ ਵੱਲ ਝਾਤ ਮਾਰਦੇ ਹਾਂ ਤਾਂ ਉਨ੍ਹਾਂ ਦੇ ਪ੍ਰਚਾਰਕ ਤੇ ਪ੍ਰਚਾਰਕ ਪੈਦਾ ਕਰਨ ਵਾਲੇ ਅਦਾਰੇ ਵੇਖ ਕੇ ਹੈਰਾਨ ਹੋ ਜਾਂਦੇ ਹਾਂ ਪਰ ਜਦੋਂ ਅਸੀਂ ਆਪਣੇ ਪ੍ਰਚਾਰਕਾਂ ਵੱਲ ਝਾਤੀ ਮਾਰਦੇ ਹਾਂ ਤਾਂ ਰੋਣ ਹਾਕੇ ਹੋ ਕੇ ਰਹਿ ਜਾਈਦਾ ਹੈ ਕਿ ਸਾਡੇ ਪ੍ਰਬੰਧਕਾਂ ਨੇ ਪ੍ਰਚਾਰਕਾਂ ਦੀ ਤਿਆਰੀ ਵਾਸਤੇ ਕੋਈ ਵੱਡੇ ਪੱਧਰ ਤੇ ਯੋਗ ਮਿਸ਼ਨਰੀ ਕਾਲਜ ਨਹੀਂ ਖੋਹਲਿਆ, ਜਿਥੋਂ ਪ੍ਰਚਾਰਕਾਂ ਨੂੰ ਸਿੱਖ ਧਰਮ ਦੀ ਪੂਰੀ ਵਿਦਿਆ ਦੇ ਕੇ, ਟਰੇਂਡ ਕਰਕੇ ਪ੍ਰਚਾਰ ਦੇ ਖੇਤਰ ਵਿਚ ਭੇਜਿਆ ਜਾ ਸਕੇ। ਯੋਗ ਪ੍ਰਚਾਰਕਾਂ ਦੀ ਅਣਹੋਂਦ ਕਾਰਨ ਹੀ ਸਾਡਾ ਧਰਮ, ਜੋ ਦੁਨੀਆਂ ਦਾ ਸਭ ਤੋਂ ਆਹਲਾ ਤੇ ਆਲਮਗੀਰੀ ਧਰਮ ਹੈ, ਸੰਸਾਰ ਅੰਦਰ ਤਾਂ ਕੀ ਪੰਜਾਬ ਅੰਦਰ ਵੀ ਸਹੀ ਢੰਗ ਨਾਲ ਪ੍ਰਚਾਰਿਆ ਨਹੀਂ ਜਾ ਸਕਿਆ।

ਉਪਰੋਕਤ ਘਾਟ ਨੂੰ ਮਹਿਸੂਸ ਕਰਦੇ ਹੋਏ 'ਸਿੱਖ ਮਿਸ਼ਨਰੀ ਕਾਲਜ' ਆਰੰਭ ਕੀਤਾ ਗਿਆ ਹੈ ਜਿਸ ਰਾਹੀਂ 'ਦੋ-ਸਾਲਾ ਸਿੱਖ ਮਿਸ਼ਨਰੀ ਕੋਰਸ' ਡਾਕ ਰਾਹੀਂ (Correspondence Course) ਕਰਾਉਣ ਦਾ ਪ੍ਰਬੰਧ ਕੀਤਾ ਗਿਆ ਹੈ। ਪੜ੍ਹੇ ਲਿਖੇ ਨੌਜੁਆਨ, ਇਹ ਦੋ-ਸਾਲਾ ਸਿੱਖ ਮਿਸ਼ਨਰੀ ਕੋਰਸ ਕਰਨ ਮਗਰੋਂ ਸਿੱਖ ਮਿਸ਼ਨਰੀ Elementary Sikh Missionaries ਦੇ ਤੌਰ ਤੇ ਕੰਮ ਕਰਨਗੇ। ਇਹ ਗੁਰਮਤਿ ਪ੍ਰਚਾਰਕ ਆਪਣੀ ਕਿਰਤ ਕਰਦਿਆਂ ਹੋਇਆਂ ਪ੍ਰਚਾਰ ਦਾ ਕੰਮ ਨਾਲੋਂ ਨਾਲ ਬਿਨਾਂ ਕਿਸੇ ਪ੍ਰਕਾਰ ਦੀ ਤਨਖਾਹ ਸੇਵਾ ਫਲ ਆਦਿ ਦੇ ਕਰਨਗੇ। ਘਰ ਬੈਠੇ-ਬਿਠਾਏ ਇਹ ਕੋਰਸ ਕਰਨ ਲਈ 3 ਰੁਪਏ ਦੀਆਂ ਡਾਕ ਟਿਕਟਾਂ ਭੇਜ ਕੇ ਪ੍ਰਾਸਪੈਕਟਸ ਮੰਗਵਾਉ।

ਕੌਮ ਲਈ ਰੈਗੂਲਰ ਪ੍ਰਚਾਰਕ ਤਿਆਰ ਕਰਨ ਲਈ ਕਾਲਜ ਵਲੋਂ ਅਨੰਦਪੁਰ ਸਾਹਿਬ ਵਿਖੇ ਰੈਗੂਲਰ ਮਿਸ਼ਨਰੀ ਕਾਲਜ ਵੀ ਸ਼ੁਰੂ ਕੀਤਾ ਗਿਆ ਹੈ ਜਿਥੋਂ ਤਿੰਨ ਸਾਲ ਦੀ ਤਿਆਰੀ ਕਰਵਾ ਕੇ ਮਿਸ਼ਨਰੀ ਕੌਮ ਨੂੰ ਸਮਰਪਿਤ ਕੀਤੇ ਜਾਣਗੇ।

***




## ਸਿੱਖ ਮਿਸ਼ਨਰੀ ਕਾਲਜ ਦੀਆਂ ਖੋਜ ਭਰਪੂਰ ਪੁਸਤਕਾਂ

| हिन्दी पुस्तकें | ਰੁਪਏ |
|---|---|
| प्रासपैक्टस | 2 |
| सिख धर्म की शिक्षाएं | 3 |
| दस गुरुओं का संक्षिप्त इतिहास | 6 |
| खून शहीदों का (16 चित्रों सहित) | 5 |
| शिक्षापद साखियां (4 भाग) | 12 |
| खालसा की परिकल्पना | 3 |
| सिख जीवन पद्धति | 3 |
| गुरबाणी व्याख्या (4 भाग) | 16 |
| जीवन मार्ग गुरू नानक देव जी | 10 |
| जीवन मार्ग गुरू अंगद देव जी | 8 |
| जीवन मार्ग गुरू अमरदास जी (प्रैस में) | 10 |
| जीवन मार्ग गुरू गोबिंद सिंघ जी (प्रैस में) | |
| शब्द गुरू एवं देहधारी गुरू डंम | 6 |
| सिख धर्म फिलासफी (4 भाग) | 24 |
| गुरू मान्यो ग्रंथ | 5 |
| सरलार्थ रहरासि साहिब | 5 |
| जपु जी साहिब सटीक | 6 |
| जापु साहिब सटीक | 5 |
| अनंदु साहिब सटीक | 5 |
| त्व प्रसादि सव्वये सटीक | 3 |
| नितनेम सटीक (प्रैस में) | 24 |
| 33 सवैये सटीक | 3 |
| सिख रहित मर्यादा | 1 |

| | ਰੁਪਏ |
|---|---|
| बाबा बंदा सिंघ बहादुर | 4 |
| स. जस्सा सिंघ आहलुवालीया | 4 |
| महाराजा रणजीत सिंघ | 3 |
| भाई मनी सिंघ जी | 3 |
| बब्बर अकाली आन्दोलन | 3 |
| पंथ दर्दीयो कुछ करो (2 भाग) | 7 |
| अकाली बाबा फूला सिंघ 2 | 3 |
| बाबा गुरदित्त सिंघ (कामागाटामारू) | 3 |
| मोर्चा गंगसर जैतो | 3 |
| सिमरन कैसे करें | 3 |
| स. शाम सिंघ अटारी | 3 |
| भारत की आज़ादी की लड़ाई में सिखों का योगदान | 4 |

**ENGLISH BOOKS**

| | |
|---|---|
| Sikhism A Faith Misunderstood | 8 |
| The Baisakhi | 2 |
| Basic Principles of Sikhism | 3 |
| Why Am I a Sikh ? | 2 |
| Propagation of Sikh Thought | 3 |
| The Sikhism | 8 |
| Guru Nanak's Impact on History | 6 |
| Blood of MARTYRDOM | 5 |
| Sikh Sakhies For the Youth | 12 |
| The Khalsa Generals | 10 |

ਨੋਟ : ਪੁਸਤਕਾਂ ਮੰਗਵਾਉਣ ਲਈ ਮਾਇਆ ਮਨੀਆਰਡਰ ਜਾਂ ਬੈਂਕ ਡਰਾਫਟ ਰਾਹੀਂ, ਪਹਿਲੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ ਜਾਂ ਵੀ. ਪੀ. ਪੀ. ਭੇਜਣ ਲਈ ਲਿਖੋ ਜੀ।

## ਸਿੱਖ ਮਿਸ਼ਨਰੀ ਕਾਲਜ ਦੀਆਂ ਖੋਜ ਭਰਪੂਰ ਪੁਸਤਕਾਂ

| | ਰੁਪਏ | | ਰੁਪਏ | | ਰੁਪਏ |
|---|---|---|---|---|---|
| ਪ੍ਰਾਸਪੈਕਟਸ | 3 | ਭਾਈ ਮਹਾਰਾਜ ਸਿੰਘ | 2 | ਭਾਰਤ ਦੀ ਆਜ਼ਾਦੀ ਵਿਚ | |
| ਪੰਥ ਦਰਦੀਓ ਕੁਝ ਕਰੋ (2 ਭਾਗ) | 7 | ਸਿੱਖ ਧਰਮ ਫ਼ਿਲਾਸਫ਼ੀ (5 ਭਾਗ) | 28 | ਸਿੱਖਾਂ ਦਾ ਹਿੱਸਾ | 4 |
| ਖਾਲਸਾ ਨਿਰੂਪਣ | 3 | ਸ਼ਬਦਾਂ ਦੀ ਵਿਆਖਿਆ (8 ਭਾਗ) | 26 | ਚਿੱਠੀਆਂ ਲਿਖ ਸਤਿਗੁਰਾਂ | |
| ਸਿੱਖ ਜੀਵਨ ਜਾਚ | 3 | **ਸਟੀਕ** | | ਵਲ ਪਾਈਆਂ | 3 |
| ਨਿਆਰਾ ਖਾਲਸਾ | 4 | ਜਪੁ ਜੀ ਸਾਹਿਬ ਸਟੀਕ | 5 | ਅਨਮਤੀ ਤਿਉਹਾਰਾਂ ਦਾ ਸਿੱਖ ਧਰਮ | |
| ਸ਼ਬਦ ਗੁਰੂ ਦੀ ਮਹੱਤਤਾ | 5 | ਜਾਪੁ ਸਾਹਿਬ ਸਟੀਕ | 4 | ਤੇ ਪ੍ਰਭਾਵ | 2 |
| ਗੁਰੂ ਮਾਨਿਓ ਗ੍ਰੰਥ | 4 | ਸਵੱਯੇ ਤੇ ਚੌਪਈ ਸਟੀਕ | 2 | ਗੁਰਮੁਖੀ ਅੱਖਰ ਗਿਆਨ | |
| ਗੁਰਬਾਣੀ ਦਾ ਸ਼ੁੱਧ ਉਚਾਰਣ | 4 | ਅਨੰਦੁ ਸਾਹਿਬ ਸਟੀਕ | 4 | (ਹਿੰਦੀ ਪੰਜਾਬੀ ਟੀਚਰ) | 3 |
| ਗੁਰਬਾਣੀ ਵਿਆਕਰਣ ਦੇ | | ਰਹਰਾਸਿ ਤੇ ਸੋਹਿਲਾ ਸਟੀਕ | 4 | ਸਿੱਖ ਮਿਸ਼ਨਰੀ ਡਾਇਰੀ | 12 |
| ਸਰਲ ਨੇਮ | 4 | ਨਿੱਤਨੇਮ ਸਟੀਕ | 19 | ਗੁਰਮਤਿ ਡਾਇਰੀ | |
| ਸਿੱਖ ਧਰਮ ਦੇ ਮੁਢਲੇ ਸਿਧਾਂਤ | 3 | ਆਸਾ ਕੀ ਵਾਰ ਸਟੀਕ | 6 | (ਬੱਚਿਆਂ ਲਈ) | 3 |
| ਸੰਖੇਪ ਇਤਿਹਾਸ ਦਸ ਗੁਰੂ | | ਸੁਖਮਨੀ ਸਾਹਿਬ ਸਟੀਕ | 10 | ਸਿੱਖ ਰਹਿਤ ਮਰਯਾਦਾ | 1 |
| ਸਾਹਿਬਾਨ | 5 | ਸਦੁ ਸਟੀਕ (ਮ੍ਰਿਤਕ ਸੰਸਕਾਰ) | 4 | ਤੇਰੀ ਦੁਨੀਆਂ ਮੇਰੀ ਦੁਨੀਆਂ | |
| ਖੂਨ ਸ਼ਹੀਦਾਂ ਦਾ | 5 | ਬਾਰਹ ਮਾਹਾ ਸਟੀਕ | 4 | (ਆਪ ਬੀਤੀਆਂ) | 8 |
| ਖਾਲਸੇ ਦੇ ਦਰਬਾਰ ਵਿਚ | | ਅਨੰਦ ਕਾਰਜ (ਲਾਵਾਂ ਸਟੀਕ) | 3 | ਸਿੱਖੀ ਨਵੇਂ ਯੁੱਗ ਦਾ ਧਰਮ | 3 |
| ਬ੍ਰਾਹਮਣ ਦੀ ਪੁਕਾਰ | 4 | ਰਾਮਕਲੀ ਕੀ ਵਾਰ (ਸੱਤਾ ਤੇ ਬਲਵੰਡ) | 2 | ਸਿਮਰਨ ਕਿਵੇਂ ਕਰੀਏ? | 3 |
| ਅਣਖੀਲਾ ਪੰਥ (ਕਵਿਤਾਵਾਂ) | 6 | ਕਬਿਤ ਸਟੀਕ (ਅਕਾਲ ਉਸਤਤਿ) | 3 | ਨਾਮ ਕੀ ਹੈ ਤੇ ਕਿਵੇਂ ਜਪੀਏ? | 6 |
| **ਜੀਵਨੀਆਂ** | | ਜ਼ਫ਼ਰਨਾਮਾ ਸਟੀਕ | 3 | ਸ਼ਬਦ ਲਗੋ ਗੁਰ ਮੀਠਾ | 8 |
| ਸ੍ਰੀ ਗੁਰੂ ਨਾਨਕ ਦੇਵ ਜੀ | 8 | ਸਾਕਾ ਨਨਕਾਣਾ ਸਾਹਿਬ | 3 | ਸਭਸੈ ਊਪਰਿ ਗੁਰ ਸ਼ਬਦ | |
| ਸ੍ਰੀ ਗੁਰੂ ਅੰਗਦ ਦੇਵ ਜੀ | 8 | ਮੋਰਚਾ ਗੰਗਸਰ ਜੈਤੋ | 3 | ਵੀਚਾਰ | 3 |
| ਸ੍ਰੀ ਗੁਰੂ ਅਮਰ ਦਾਸ ਜੀ | 10 | ਮੋਰਚਾ ਗੁਰੂ ਕਾ ਬਾਗ | 3 | ਸਰੀਰ ਅਰੋਗ ਕਿਵੇਂ ਹੋਵੇ? | 3 |
| ਸ੍ਰੀ ਗੁਰੂ ਰਾਮ ਦਾਸ ਜੀ | 8 | ਗੁਰਦੁਆਰਾ ਸੁਧਾਰ ਲਹਿਰ | 5 | ਗੁਰੂ ਤੇਗ ਬਹਾਦਰ ਸਾਹਿਬ ਦੇ | |
| ਸ੍ਰੀ ਗੁਰੂ ਅਰਜਨ ਦੇਵ ਜੀ | 10 | ਸਿੰਘ ਸਭਾ ਲਹਿਰ | 5 | ਉਪਦੇਸ਼ | 2 |
| ਮਰਦ ਅਗੰਮੜਾ | | ਬੱਬਰ ਅਕਾਲੀ ਲਹਿਰ | 3 | ਸਿੱਖ ਧਰਮ ਦੇ ਮੁਢਲੇ ਸਿਧਾਂਤ | |
| (ਜੀਵਨੀ ਗੁਰੂ ਗੋਬਿੰਦ ਸਿੰਘ ਜੀ) | 12 | ਸਿੱਖ ਮਿਸਲਾਂ | 4 | (ਉਰਦੂ) | 3 |
| ਸ਼ਹੀਦੀ ਗੁਰੂ ਅਰਜਨ ਦੇਵ ਜੀ | 4 | ਅਕਾਲੀ ਲਹਿਰ | 4 | ਯ ਅੱਖਰ ਦੀ ਬਹੁ ਭਾਂਤੀ ਵਰਤੋਂ | 3 |
| ਬਾਬਾ ਬੰਦਾ ਸਿੰਘ ਬਹਾਦਰ | 4 | ਸ਼ਹੀਦੀ ਸਾਕੇ (ਕਾਵਿ-ਪ੍ਰਸੰਗ) | 3 | **ਕੈਲੰਡਰ** | |
| ਸ਼ਹੀਦ ਭਾਈ ਮਨੀ ਸਿੰਘ ਜੀ | 3 | ਪ੍ਰੋ. ਗੁਰਮੁੱਖ ਸਿੰਘ | 4 | ਜਾਗਤ ਜੋਤਿ ਜਪੈ ਨਿਸ ਬਾਸੁਰ | 3 |
| ਨਵਾਬ ਕਪੂਰ ਸਿੰਘ ਜੀ | 3 | (ਗਿ. ਦਿੱਤ ਸਿੰਘ) | | ਗੁਰਸਿੱਖ ਦੀ ਨਿੱਤ ਕਰਨੀ | 3 |
| ਸ. ਜੱਸਾ ਸਿੰਘ ਰਾਮਗੜ੍ਹੀਆ | 3 | ਸਾਧੂ ਦਿਆ ਨੰਦ ਨਾਲ ਮੇਰਾ | | ਬੀਬਾ ਸਿੱਖ ਬੱਚਾ | 3 |
| ਸ. ਜੱਸਾ ਸਿੰਘ ਆਹਲੂਵਾਲੀਆ | 4 | ਸੰਬਾਦ | 4 | **ਗੁਟਕੇ** | |
| ਮਹਾਰਾਜਾ ਰਣਜੀਤ ਸਿੰਘ | 4 | ਚੋਣਵੀਆਂ ਸਾਖੀਆਂ (6 ਭਾਗ) | 22 | ਨਿਤਨੇਮ ਤੇ ਹੋਰ ਬਾਣੀਆਂ (ਵੱਡਾ) | 10 |
| ਸ. ਹਰੀ ਸਿੰਘ ਨਲੂਆ | 3 | **ਤੁਲਨਾਤਮਕ ਧਰਮ ਅਧਿਐਨ** | | ਨਿਤਨੇਮ ਤੇ ਹੋਰ ਬਾਣੀਆਂ (ਛੋਟਾ) | 7 |
| ਅਕਾਲੀ ਫੂਲਾ ਸਿੰਘ | 3 | ਸਿੱਖੀ ਤੇ ਸਮਾਜਵਾਦ | 3 | ਨਿਤਨੇਮ ਤੇ ਹੋਰ ਬਾਣੀਆਂ (ਸਫਰੀ) | 6 |
| ਗਿਆਨੀ ਦਿੱਤ ਸਿੰਘ | 2 | ਯੋਗ ਦਰਸ਼ਨ ਤੇ ਗੁਰਮਤਿ | 3 | ਸੁਖਮਨੀ ਸਾਹਿਬ (ਵੱਡਾ) | |
| ਬਾਬਾ ਗੁਰਦਿੱਤ ਸਿੰਘ | | ਜੈਨ ਮੱਤ, ਬੁੱਧ ਮੱਤ ਤੇ ਗੁਰਮਤਿ | 3 | (ਇਕ ਪਦਾ ਇਕ ਪੰਨੇ ਤੇ) | 12 |
| (ਕਾਮਾ ਗਾਟਾ ਮਾਰੂ) | 2 | ਹਿੰਦੂ ਮੱਤ ਤੇ ਗੁਰਮਤਿ | 3 | ਸੁਖਮਨੀ ਸਾਹਿਬ (ਵੱਡਾ) | 10 |
| ਸ. ਸ਼ਾਮ ਸਿੰਘ ਅਟਾਰੀ | 3 | ਈਸਾਈ ਮੱਤ ਤੇ ਗੁਰਮਤਿ | 3 | ਸੁਖਮਨੀ ਸਾਹਿਬ (ਛੋਟਾ) | 7 |
| ਸਿੱਖ ਧਰਮ ਦੇ ਮਹਾਨ ਵਿਦਵਾਨ | 4 | ਇਸਲਾਮ ਤੇ ਗੁਰਮਤਿ | 3 | ਸੁਖਮਨੀ ਸਾਹਿਬ (ਸਫਰੀ) | 6 |
| ਚੋਣਵੀਆਂ ਸਿੱਖ ਜੀਵਨੀਆਂ | 5 | **ਫੁਟਕਲ** | | ਜਪੁ ਜੀ ਸਾਹਿਬ | 2 |
| ਭਾਈ ਨੰਦ ਲਾਲ ਸਿੰਘ | 3 | ਅਨਮੋਲ ਰਤਨ (ਸ਼ਬਦ ਸੰਗ੍ਰਹਿ) | 3 | ਜਾਪੁ ਸਾਹਿਬ ਸਵਈਏ | 2 |
| ਭਾਈ ਗੁਰਦਾਸ ਜੀ | 3 | ਦਸਮ ਗ੍ਰੰਥ ਬਾਰੇ | 3 | ਰਹਰਾਸਿ ਤੇ ਸੋਹਿਲਾ | 2 |

*Typeset at* : Advanced Computers, 62, Parkash Nagar, Model Town, Jalandhar. ☎ 270554
*Printed at* : Bright Printers, Jalandhar